# One Person



Sukhdeep Singh Raipur

# One Person { Noval }

{ E-BOOK }

**Sukhdeep Singh Raipur**

MALWA PUBLICATION

Raipur [ Mansa ] Punjab-151505

ONE PERSON

[ E-Book ] By

Sukhdeep Singh Raipur

Mob :- 8699633924

Email : writersukhdeep@gmail.com

**© Sukhdeep Singh Raipur**

**22May2021**

ASIN : B08ZMNZ6DV

**Price : 72.00 IND ( $ : 0.99 )**

**Editor**

PDF WORK

TYPING & EDITING BY

**A_F_O_R**

CONTACT

**Writersukhdeep@gmail.com**

INSTAGRAM

**{ im_sukhdep }**

Word mistake checker : Virpal sidhu maur

Available on amazonkindle

## ਵਨ ਪਰਸਨ

ਪਹਿਲਾਂ ਇਸ ਨੂੰ ਦੂਸਰੇ ਸਿਰੇ ਤੋਂ ਸ਼ੁਰੂ ਕੀਤਾ ਗਿਆ ਸੀ,ਪਰ ਹੁਣ ਦੂਸਰੇ ਸਿਰੇ ਤੋਂ, ਮਨੁੱਖ ਦੀ ਆਦਤ ਹੈ। ਉਹ ਵਕ਼ਤ ਨਾਲ, ਹਰ ਚੀਜ਼ ਨੂੰ ਆਪਣੇ ਹਿਸਾਬ ਨਾਲ ਬਦਲ ਲੈਂਦਾ ਹੈ ਅਡਜੈਸਟ ਕਰ ਲੈਂਦਾ ਹੈ ਖ਼ੁਦ ਮੁਤਾਬਕ।

ਇਸੇ ਤਰ੍ਹਾਂ ਅਸੀਂ ਵੀ ਥੋੜੀ ਜਿਹੀ ਕੋਸ਼ਿਸ਼ ਕੀਤੀ, ਇਸਨੂੰ ਨਿਖ਼ਾਰਨ ਦੀ, ਇੱਕ ਅੱਧਪੜ੍ਹਿਆ ਤੇਈਆਂ ਸਾਲਾਂ ਦਾ ਰੱਜ ਕੇ ਸੁਨੇਖਾ ਆਦਮੀ ਕਵਿਤਾਵਾਂ ਲਿਖਦਾਂ ਹੈ, ਉਸਨੂੰ ਇਹ ਵੀ ਨਹੀਂ ਪਤਾ ਇਹ ਲਿਖਤਾਂ ਕਵਿਤਾਵਾਂ ਹਨ,ਜਿਸ ਦੀ ਦਿਨ ਕਿਰਿਆ ਨੂੰ ਵਾਰ ਵਾਰ ਬਿਆਨ ਕੀਤਾ ਜਾ ਰਿਹਾ ਹੈ, ਆਖ਼ਿਰ ਕਿਉਂ ਉਸਨੂੰ ਵਾਰ ਵਾਰ ਪੇਸ਼ ਕੀਤਾ ਜਾ ਰਿਹਾ ਹੈ। ਇਹ ਸੁਨੇਖੇ ਆਦਮੀ ਦਾ ਨਾਂ ਬੀ ਐੱਮ ਐੱਸ ਹੈ। ਜਿਸ ਦੀ ਇੱਕ ਅਜ਼ੀਜ਼ ਦੋਸਤ ਐਲੀਸਾ , ਜਿਸਨੂੰ ਉਹ ਮਿਲਿਆ ਤੇ ਕਦੇ ਨਹੀਂ,ਪਰ ਉਸਨੂੰ ਪਸੰਦ ਕਰਦਾ ਹੈ। ਉਸਨਾਲ ਉਸਨੂੰ ਗੱਲਾਂ ਕਰਨਾ ਵਧੀਆ ਲੱਗਦਾ ਹੈ।ਬੀ ਐੱਸ ਐਮ ਇੱਕ ਕਿਤਾਬ ਵੀ ਪੜ ਰਿਹਾ ਹੈ,ਜਿਸਦਾ ਨਾਮ ਅਨਕੰਪਲੀਟ ਗਰਲ ਹੈ। ਦਿਲਚਸਪ ਗੱਲ ਇਹ ਹੈ ਕਿ ਉਹ ਇਹ ਨਹੀਂ ਜਾਣਦਾ ਕਿ ਇਹ ਕਿਤਾਬ ਉਸ ਕੋਲ਼ ਕਿੱਥੋਂ ਆਈ,ਇਹ ਨਾਵਲ ਦਾ ਇੱਕ ਹਿੱਸਾ ਹੈ ਜਾਂ ਕਹਿ ਲਵੋ ਇੱਕ ਟੁਕੜਾ ਹੈ ਦੂਸਰਾ ਟੁੱਕੜਾ ਆਪਾਂ ਹਾਂ ਆਪਾਂ ਸਾਰੇ

ਕੁਝ ਚੀਜ਼ਾਂ

ਅਧੂਰੀਆਂ ਸੋਹਣੀਆਂ ਲੱਗਦੀਆਂ ਨੇ,

ਮੁਹੱਬਤ, ਕਹਾਣੀਆਂ, ਚੰਨ ਤੇ ਕਾਮਜਾਬੀ

ਇਹ ਸਾਰੀਆਂ ਉਹ ਚੀਜ਼ਾਂ ਨੇ

ਜਿਹੜੀਆਂ ਦੂਰੋਂ ਸਾਨੂੰ ਬੇਅੰਤ,

ਖ਼ੂਬਸੂਰਤ ਤੇ ਸੁਹਾਵਣੀਆਂ ਲੱਗਦੀਆਂ,

ਅਸੀਂ ਇਹਨਾਂ ਦੇ ਸੁਪਨੇ ਵੇਖਦੇ ਹਾਂ

ਪਰ ਇਹਨਾਂ ਪਿੱਛੇ ਇੱਕ ਘੜਨਾ ਹੁੰਦਾ ਹੈ।

ਇੱਕ ਸਫ਼ਰ ਹੁੰਦਾ ਹੈ।

ਇੱਕ ਦਰਦ ਹੁੰਦਾ ਹੈ।

ਇੱਕ ਸੰਤਾਪ ਹੁੰਦਾ ਹੈ।

**ਸੁਖਦੀਪ ਸਿੰਘ ਰਾਏਪੁਰ**



ਇਹ ਸਮਰਪਿਤ ਹੈ।

ਫੇਕ ਦੁਨੀਆਂ ਨੂੰ

ਇਹ ਸੋਸ਼ਲ ਮੀਡੀਆ ਨੂੰ

ਜਿੱਥੇ ਪਤਾ ਨਹੀਂ

ਕਿੰਨੇ ਰਿਸ਼ਤੇ

ਸ਼ਾਮ ਤੀਕ ਬਣਦੇ ਤੇ

ਹਮੇਸ਼ਾ ਲਈ ਟੁੱਟਦੇ ਨੇ

# 1

ਸਿਗਰਟਾਂ ਵਾਲ਼ੀ ਡੱਬੀ ਨਹੀਂ ਲੱਭ ਰਹੀ,ਦੋ ਪੈੱਗ ਲਾਉਂਣ ਤੋਂ ਬਾਅਦ ਜੇਕਰ ਮੈਂ ਸਿਗਰਟ ਨਾ ਪੀਵਾਂ ਤਾਂ ਰਾਹਿਤ ਨਹੀਂ ਮਿਲ਼ਦੀ, ਉਸ ਵਿੱਚੋਂ ਨਿਕਲ਼ਦਾ ਧੂੰਆਂ ਜਦੋਂ ਮੈਂ ਲੰਮੀਂ ਸਾਹ ਨਾ ਆਪਣੇ ਅੰਦਰ ਖਿੱਚਦਾ ਹਾਂ ਬੜਾ ਸਕੂਨ ਮਿਲ਼ਦਾ ਹੈ, ਐਦਾਂ ਲੱਗਦਾ ਹੈ ਜਿਵੇਂ ਮੀਂਹ ਪੈ ਕੇ ਹਟਿਆ ਹੋਵੇ ਤੇ ਤਰੋਤਾਜ਼ਾ ਹਵਾ ਅੰਦਰ ਲੰਘ ਗਈ ਹੋਵੇ, ਸ਼ਾਮ ਦੇ ਸੱਤ ਵੱਜ ਚੁੱਕੇ ਨੇ, ਮੇਰੇ ਕੋਲ਼ ਕੱਲ੍ਹ ਵਾਲ਼ੀ ਬੋਤਲ ਪਈ ਸੀ,ਜਿਸ ਵਿਚ ਦੋ ਕੁ ਪੈੱਗ ਆਰਾਮ ਨਾਲ਼ ਸਨ। ਮੈਂ ਘਾਟਾ ਵਾਧਾ ਪਰੇ ਰੱਖਦਿਆਂ ਬਿਨਾਂ ਪਾਣੀਂ ਪਾਏ ਹੀ ਅੰਦਰ ਸੁੱਟ ਲਏ। ਪਰ ਹੁਣ ਨਵੀਂ ਬਿਪਤਾ ਆਣ ਟੱਪਕੀ ਹੈ, ਮੈਂ ਸਟੱਡੀ ਟੇਬਲ ਦੇ ਉੱਪਰ ਰੋਜ਼ ਆਪਣੀ ਸਿਗਰਟਾਂ ਵਾਲ਼ੀ ਡੱਬੀ ਰੱਖਦਾ ਹਾਂ ਤੇ ਉਥੋਂ ਹੀ ਚੁੱਕਦਾ ਹਾਂ, ਮੈਨੂੰ ਯਾਦ ਹੈ ਮੈਂ ਰਾਤ ਵੀ ਏਥੇ ਹੀ ਰੱਖੀ ਸੀ।ਪਰ ਉਹ ਮੇਰੇ ਲੱਭਣ ਤੇ ਵੀ ਲੱਭ ਨਹੀਂ ਰਹੀ। ਫੋਨ ਦੇ ਉੱਪਰ ਲੱਗੀ ਮੈਸਜ਼ ਦੀ ਡਿਫਰੈਂਟ ਟੀਊਨ ਨੇ ਦੱਸ ਦਿੱਤਾ ਕੇ ਕਿਸੇ ਦਾ ਇੰਸਟਾਗ੍ਰਾਮ ਉੱਪਰ ਕੋਈ ਮੈਸਜ਼ ਜਾਂ ਕਾਮੈਂਟ ਆਇਆ ਹੈ। ਫਰਿੱਜ ਉੱਪਰ ਚਾਰਜ ਲੱਗੇ ਫੋਨ ਨੂੰ ਉਤਾਰ ਕੇ ਮੈਂ ਫ਼ੋਨ ਲਾੱਕ ਖੋਲ੍ਹਦਿਆਂ ਆਪਣੇ ਆਪ ਨੂੰ ਇਉਂ ਸੋਫੇ ਉੱਪਰ ਸੁੱਟਿਆ, ਜਿਦਾਂ ਮੈਂ ਬਹੁਤ ਹੀ ਜ਼ਿਆਦਾ ਥੱਕਿਆ ਹੋਇਆ ਹੋਵਾਂ।

ਮੇਰੀ ਅੱਜ ਦੁਪਹਿਰ ਕੀਤੀ ਇੱਕ ਪੋਸਟ ਉੱਪਰ ਕਮੈਂਟ ਸੀ।

ਐੱਲੀਸਾ : ਇਹ ਤੇ ਨਹੀਂ ਕਿ ਸਾਰੇ ਇੱਕੋ ਜਿਹੇ ਨੇ, ਐਦਾਂ ਤਾਂ ਆਪਾਂ ਨੂੰ ਬਹੁਤ ਸੱਟਾਂ ਮਿਲ਼ਦੀਆਂ ਨੇ, ਫ਼ੇਰ ਆਪਾਂ ਕੀ ਉਹ ਆਦਤਾਂ ਨੂੰ ਹਮੇਸ਼ਾ ਲਈ ਛੱਡ ਦੇਣੇਂ ਹਾਂ..???,
ਹਾਂ ਤੁਸੀਂ ਸਹੀ ਹੋ।
ਪਰ ਗ਼ਲਤ ਮੈਂ ਵੀ ਨਹੀਂ ਹਾਂ।
ਏਥੇ ਵਕ਼ਤ ਤੇ ਵਿਚਾਰ ਦਾ ਬਦਲਦੇ ਰਹਿਣਾ ਜ਼ਰੂਰੀ ਹੈ।ਜੇ ਮੌਸਮ ਸਾਡੇ ਮੁਤਾਬਿਕ ਸਹੀ ਨਹੀਂ ਤਾਂ ਉਸਦੇ ਅਨੁਸਾਰ ਤੁਸੀਂ ਖ਼ੁਦ ਨੂੰ ਸਹੀ ਕਰ ਲਵੋ।
ਚੱਲੋ ਨਿੱਕੀ ਜਿਹੀ ਗੱਲ ਸੁਣਾਉਂਦੀ ਹਾਂ... ਇੱਕ ਵਾਰ ਕੀ ਹੋਇਆ, ਕਿਸੇ ਦੋਸਤਾ ਦਾ ਸੁਨੇਹਾ ਆਇਆ, ਉਸ ਨਾਲ ਗੱਲਬਾਤ ਸ਼ੁਰੂ ਹੋਈ। ਗੱਲ ਬਾਤ ਹੁੰਦਿਆਂ ਕਰਦਿਆਂ ਏਥੋਂ ਤੀਕ ਚੱਲੀ ਗਈ ਕਿ ਅਸੀਂ ਇੱਕ ਦੂਸਰੇ ਨੂੰ ਮਿਲਣ ਤੀਕ ਦਾ ਤੈਅ ਕਰ ਲ਼ਿਆ, ਸੱਚ ਤੇ ਇਹ ਸੀ ਕਿ ਅਸੀਂ ਇੱਕ ਦੂਸਰੇ ਨੂੰ ਬਿਨਾਂ ਵੇਖੇ ਆਪਣਾ ਸਮਝਣ ਲੱਗੇ ਸਾਂ, ਜਦੋਂ ਅਸੀਂ ਇੱਕ ਪਰੇ ( ਅਰਦਾਸ ) ਬਹਾਨੇ ਚਰਚ ਵਿਚ ਇੱਕ ਦੂਸਰੇ ਨੂੰ ਵੇਖਿਆ ਤਾਂ ਹੈਰਾਨੀ ਦੀ ਗੱਲ ਸੀ। ਮੇਰੇ ਨਾਲ਼ ਦਿਨ ਰਾਤ ਗੱਲਾਂ ਕਰਨ ਵਾਲ਼ਾ, ਕੋਈ ਹੋਰ ਨਹੀਂ ਮੇਰਾ ਹੀ ਖ਼ੁਦ ਦਾ ਭਰਾ ਸੀ। ਕਿਉਂਕਿ ਅਸੀਂ ਦੋਵੇਂ ਹੀ ਇੱਕ ਆਨਲਾਇਨ ਜ਼ਿੰਦਗੀ ਜਿਉਂ ਰਹੇ ਸੀ, ਉਹ ਵੀ ਫੇਕ..!!!
ਪਤਾ ਕਈ ਵਾਰ ਏਦਾਂ ਹੀ ਹੁੰਦਾ ਹੈ। ਸਾਡੇ ਅੱਗੇ ਇੱਕ ਪਰਦਾ ਹੁੰਦਾ ਹੈ ਜਦੋਂ ਅਸੀਂ ਚੁੱਕਦੇ ਹਾਂ ਤਾਂ ਸ਼ਰਮਸ਼ਾਰ ਹੋ ਜਾਂਦੇ ਹਾਂ।
ਐੱਲੀਸਾ

ਮੈਂ ਭੁੱਲ ਚੁੱਕਾਂ ਸੀ ਕਿ ਮੈਂ ਸਿਗਰਟ ਵਾਲ਼ੀ ਡੱਬੀ ਲੱਭ ਰਿਹਾ ਹਾਂ, ਮੈਂ ਉਸਦੇ ਕੀਤੇ ਕਮੈਂਟ ਦਾ ਜਵਾਬ ਸੋਚਣ ਲੱਗਾ,ਲੱਗਿਆ ਐਦਾਂ ਹੀ ਛੱਡ ਦੇਵਾਂ, ਕੁਝ ਵੀ ਨਾ ਬੋਲਾਂ ਕੁਝ ਵੀ ਨਾ ਲਿਖਾਂ,ਇਹ ਸਹੀ ਹੋਊਗਾ, ਉਂਝ ਮੈਂ ਉਸ ਨਾਲ਼ ਹਰ ਵਕਤ ਗੱਲ ਕਰਨ ਦਾ ਬਹਾਨਾ ਲੱਭਦਾ ਰਹਿੰਦਾ ਹਾਂ,ਪਰ ਸਾਡੀ ਗੱਲ ਸ਼ੁਰੂ ਹੋਇਆ ਕੋਈ ਜ਼ਿਆਦਾ ਸਮਾਂ ਨਹੀਂ ਹੋਇਆ, ਕੁਝ ਹਫ਼ਤੇ ਹੀ ਬੀਤੇ ਨੇ,ਬਸ ਮੈਨੂੰ ਉਹਦਾ ਨਾਮ ਬੜਾ ਪਸੰਦ ਹੈ ਐੱਲੀਸਾ...

ਮੈਨੂੰ ਉਹਦੀ ਹਰ ਗੱਲ ਸੁੰਦਰ ਲੱਗਦੀ ਹੈ, ਜਿੱਥੋਂ ਤੀਕ ਮੇਰਾ ਖ਼ਿਆਲ ਹੈ,ਉਹ ਇੰਸਟਾਗ੍ਰਾਮ ਦੀ ਦੁਨੀਆਂ ਵਿੱਚ ਹਲੇ ਨਵੀਂ ਨਵੀਂ ਆਈ ਹੈ,ਉਸਦਾ ਮੇਰੇ ਨਾਲ ਇਤਫ਼ਾਕੀ ਮੇਲ਼ ਤੋਂ ਇਲਾਵਾ ਹੋਰ ਕੋਈ ਰਿਸ਼ਤਾ ਨਹੀਂ।ਇਹ ਵੀ ਹੋ ਸਕਦਾ ਹੈ ਉਹ ਮੇਰੇ ਸ਼ਹਿਰ ਤੋਂ ਤਾਂ ਦੂਰ ਮੇਰੇ ਦੇਸ਼ ਤੋਂ ਵੀ ਦੂਰ ਹੋਵੇ ਕਿਉਂਕਿ ਜ਼ਿਆਦਾਤਰ ਉਹਦੇ ਕਮੈਂਟ ਜਾਂ ਮੈਸਜ਼ ਰਾਤ ਦੇ ਦੱਸ ਗਿਆਰਾਂ ਵਜੇ ਕਰੀਬ ਹੀ ਆਉਂਦੇ ਹਨ। ਪਤਾ ਨਹੀਂ ਉਹ ਵੀ ਮੇਰੇ ਮੈਸਜ਼ ਦੀ ਉਡੀਕ ਕਰਦੀ ਹੈ ਜਾਂ ਨਹੀਂ , ਮੈਨੂੰ ਇਹ ਵੀ ਨਹੀਂ ਪਤਾ ਉਹ ਵਿਖਣ ਵਿਚ ਕਿਵੇਂ ਦੀ ਹੈ, ਉਹਦੇ ਹੱਥ ਕਿਦਾਂ ਦੇ ਨੇ,ਉਹਦਾ ਰੰਗ ਕਿਵੇਂ ਦਾ ਹੈ, ਉਹਦੀਆਂ ਅੱਖਾਂ ਕਿਵੇਂ ਦੀਆਂ ਨੇ, ਮੈਂ ਹੈਰਾਨ ਦੀ ਗੱਲ ਦੱਸਾਂ ਉਹਨੇ ਆਪਣੇ ਅਕਾਊਂਟ ਉੱਪਰੋਂ ਕਿਸੇ ਨੂੰ ਵੀ ਨਾ ਫੌਲੋ,ਨਾ ਕੁਝ ਪੋਸਟ ਕੀਤਾ ਅਤੇ ਨਾ ਹੀ ਕੋਈ ਉਸਨੂੰ ਫੌਲੋ ਕਰਦਾ ਹੈ, ਏਥੋਂ ਤੀਕ ਕਿ ਮੈਂ ਖੁਦ ਵੀ ਉਸਨੂੰ ਫੌਲੋ ਨਹੀਂ ਕਰਦਾ,ਪਰ ਉਹਦੀਆਂ ਗੱਲਾਂ ਤੋਂ ਲੱਗਦਾ ਹੈ ਕਿ ਉਸਨੂੰ ਪੰਜਾਬੀ ਬਹੁਤ ਚੰਗੀ ਤਰ੍ਹਾਂ ਆਉਂਦੀ ਹੈ,ਉਹ ਤਾਰੀਫ਼ ਦੇ ਤਾਂ

ਕਹਿ ਲਵੋ ਪੁਲ ਬੰਨਦੀ ਹੈ। ਜਿਸਤੋਂ ਉਸਦੀ ਖ਼ੂਬਸੂਰਤੀ ਦਾ ਬੇਅੰਤ ਅੰਦਾਜ਼ਾ ਲਗਾਇਆ ਜਾ ਸਕਦਾ ਹੈ।

ਮੇਰੇ ਅੰਦਰ ਖੋ ਜਿਹੀ ਉੱਠ ਰਹੀ ਹੈ, ਮੈਂ ਫੋਨ ਨੂੰ ਮੁੜ ਚਾਰਜ ਉੱਪਰ ਲਗਾਇਆ ਤੇ ਗੇਟ ਨੂੰ ਬੰਦ ਕਰ,ਕਮਰੇ ਵਿਚ ਪਏ ਖਿਲਾਰੇ ਨੂੰ ਵੇਖਣ ਲੱਗਾ, ਜੋ ਕਿ ਬਿਲਕੁਲ ਮੇਰੇ ਦਿਮਾਗ਼ ਵਰਗਾ ਹੋ ਚੁੱਕਿਆ ਸੀ। ਬਿਲਕੁਲ ਖੱਬੇ ਇੱਕ ਟੇਡਾ ਮੇਡਾ ਸ਼ੈਲਫ਼ ਉੱਪਰ ਚੁੱਲ੍ਹਾ ਪਿਆ ਹੈ, ਜਿਸ ਤੇ ਉੱਬਲ ਉੱਬਲ ਕੇ ਨਿਕਲੀ ਹੋਈ ਚਾਹ ਸਾਰੀ ਸ਼ੈਲਫ਼ ਤੇ ਫ਼ੈਲ ਚੁੱਕੀ ਹੈ ਨਾਲ਼ ਹੀ ਉਸਦੇ ਇੱਕ ਭਾਂਡੇ ਮਾਂਜਣ ਲਈ ਛਿੰਕ ਹੈ ਜੋ ਨੱਕੋ ਨੱਕ ਭਰਿਆ ਹੋਇਆ ਹੈ, ਉਸਦੇ ਉੱਪਰ ਇੱਕ ਆਰ ਓ ਲੱਗਿਆ ਹੋਇਆ ਹੈ,ਜਿਸ ਦੀ ਟੂਟੀ ਕਈ ਮਹੀਨਿਆ ਤੋਂ ਬੰਦ ਚਾਲੂ ਇੱਕ ਬਰਾਬਰ ਹੈ। ਛਿੰਕ ਤੋਂ ਥੋੜ੍ਹਾ ਕੁ ਉਰੇ ਇੱਕ ਆਰ ਓ ਦੇ ਉਰਲੀ ( ਏਧਰ ਵਾਲ਼ੀ ) ਸਾਇਡ ਭਾਂਡੇ ਟੰਗਣ ਲਈ ਜਾਲੀਦਾਰ ਸ਼ਕੰਜਾ ਹੈ, ਜਿਸ ਵਿਚ ਸਿਰਫ਼ ਇੱਕ ਚਮਚ ਇੱਕਲਾ ਲੰਮਕ ਰਿਹਾ ਹੈ, ਜਿਦਾਂ ਕਦੇ ਕਦੇ ਬੱਦਲ਼ਵਾਈ ਮਗਰੋਂ ਚੰਨ ਜਾਪਦਾ ਹੁੰਦਾ ਹੈ,ਆਰ ਓ ਤੋਂ ਅਗਾਂਹ ਫਰਿੱਜ ਪਿਆ ਹੈ,ਉਸ ਤੋਂ ਬਾਅਦ ਸਟੱਡੀ ਟੇਬਲ ਤੇ ਨਾਲ਼ ਹੀ ਇੱਕ ਵਿੰਡੋਂ ਵੱਲ਼ ਮੂੰਹ ਕਰੀ ਕੁਰਸੀ , ਥੱਲੇ ਇੱਕ ਗੱਦਾ ਸੁੱਟਾ ਹੋਇਆ ਹੈ, ਜਿਸ ਉੱਤੇ ਕੁਝ ਕਿਤਾਬਾਂ ਖਿੱਲਰੀਆਂ ਪਈਆਂ ਹਨ ਤੇ ਇੱਕ ਅੱਧਖੁੱਲਾ ਲੈਪਟਾਪ ਪਿਆ ਹੈ, ਕੰਧ ਉੱਪਰ ਕੁਝ ਤਸਵੀਰਾਂ ਲਮਕ ਰਹੀਆਂ ਹਨ,ਜੋ ਕਿ ਮੈਂ ਖ਼ੁਦ ਬਣਾਈਆਂ ਨੇ,ਜਿਸ ਵਿਚ ਬਿਲਕੁਲ ਨਿਰਵਸਤਰ ਪਈ ਕੁੜੀ ਵਾਲ਼ੀ ਤਸਵੀਰ ਮੈਨੂੰ ਸਭ ਤੋਂ ਵੱਧ ਚੰਗੀ ਲੱਗਦੀ ਹੈ।ਗੱਦੇ ਦੇ ਨਾਲ਼ ਲੱਗਵਾਂ ਹੀ ਇੱਕ ਰੈਕ ਪਿਆ ਹੈ,ਜੋ ਹੈ

ਤੇ ਜੁੱਤੇ,ਚੱਪਲਾਂ,ਬੂਟ ਆਦਿ ਰੱਖਣ ਲਈ,ਪਰ ਜਿਸ ਉੱਪਰ ਮੈਂ ਆਪਣੇ ਕੱਲ੍ਹ ਵਾਲੇ ਕੱਪੜੇ ਸੁੱਟੇ ਹੋਏ ਹਨ, ਉਸਦੇ ਨਾਲ ਹੀ ਇੱਕ ਗੈਲਰੀ ਦਾ ਦਰਵਾਜ਼ਾ ਹੈ,ਜਿਸ ਨੂੰ ਖੋਲ੍ਹਦਿਆਂ ਬਾਹਰ ਦੂਰ ਦੂਰ ਤੱਕ ਦਿਖਾਏ ਦੇਂਦਾ ਹੈ,ਉਸੇ ਗੈਲਰੀ ਦੇ ਬਿਲਕੁਲ ਕੋਨੇ ਤੇ ਇੱਕ ਨਿੱਕਾ ਬਾਥਰੂਮ ਵੀ ਹੈ।

ਮੈਂ ਜਦੋਂ ਸੋਚਦਾ ਸੋਚਦਾ ਗੇਟ ਨਾਲ ਹੇਠਾਂਹ ਬੈਠਣ ਲੱਗਾ ਤਾਂ,ਮੇਰਾ ਹੱਥ ਮੇਰੇ ਪਾਈ ਕੈਪਰੀ ਦੀ ਜੇਬ ਉੱਪਰ ਗਿਆ,ਜੋ ਸਾਹਮਣੇ ਵਾਲ਼ੀ ਵਿੰਡੋ ਉੱਪਰ ਲੱਗੇ ਸ਼ੀਸ਼ੇ ਵਿਚ ਕਾਫ਼ੀ ਵੱਡੀ ਲੱਗ ਰਹੀ ਸੀ। ਮੈਂ ਵੇਖਿਆ ਸਿਗਰਟਾਂ ਵਾਲ਼ੀ ਡੱਬੀ ਹੀ ਸੀ। ਮੈਨੂੰ ਰਾਹਤ ਮਿਲੀ ਮੈਂ ਹੌਂਸਲੇ ਨਾਲ਼ ਖੜ੍ਹਾ ਹੋਇਆ, ਸ਼ੈਲਫ਼ ਤੋਂ ਲਾਈਟਰ ਚੁੱਕਿਆ ਤੇ ਸੁਆਦ ਲੈ ਕੇ ਸਿਗਰਟ ਪੀਣ ਲੱਗਾ ,ਇਹ ਆਖ਼ਰੀ ਸਿਗਰਟ ਸੀ ਇਸ ਡੱਬੀ ਵਿੱਚ, ਧੂੰਆਂ ਉੱਡ ਰਿਹਾ ਸੀ ਮੈਂ ਸੋਚ ਰਿਹਾ ਸੀ ਕਿ ਮੇਰੇ ਅੰਦਰ ਜੋ ਵੀ ਹੈ। ਮੈਂ ਉਸਨੂੰ ਕਾਪੀ ਤੇ ਕਿਵੇਂ ਉਤਾਰਾਂ ,ਸਿਗਰਟ ਖ਼ਤਮ ਹੋ ਗਈ ਰਾਤ ਵੀ ਹੋ ਚੁੱਕੀ ਹੈ। ਮੈਂ ਲਾਇਟ ਬੰਦ ਕੀਤੀ ਤੇ ਨਿਸੇੜੀ ਵਾਂਗ ਅੱਧ ਸੁੱਧੀ ਵਿਚ ਗੱਦੇ ਤੇ ਲੇਟ ਗਿਆ, ਮੈਂ ਹਲੇ ਰੋਟੀ ਨਹੀਂ ਸੀ ਖਾਈ,ਨੌ ਵੱਜ ਗਏ ਸਨ, ਮੈਂ ਪੜ੍ਹਨ ਲਈ ਫੋਨ ਵਿੱਚੋਂ ਕੋਈ ਕਿਤਾਬ ਲੱਭਣ ਲੱਗਾ, ਮੈਨੂੰ ਪੂਰੇ ਨਸ਼ੇ ਵਿਚ ਕਿਤਾਬ ਪੜ੍ਹਨਾ ਵਧੀਆ ਲੱਗਦਾ ਹੈ। ਇੱਕ ਕਿਤਾਬ ਮਿਲੀ ਜਿਸਦਾ ਨਾਮ ਹੈ। ਅਨਕੰਪਲੀਟ ਗਰਲ,ਇਹ ਫੋਨ ਵਿੱਚ ਨਹੀਂ, ਮੇਰੇ ਸਟੱਡੀ ਟੇਬਲ ਤੋਂ ਥੱਲੇ ਡਿੱਗ ਕੇ ਅੱਧ ਖੁੱਲ੍ਹੀ ਹਾਲਤ ਵਿੱਚ ਪਈ ਹੈ।

***

## 2

ਅੱਜ ਸਾਡੀ ਪਹਿਲੀ ਮੁਲਾਕਾਤ ਹੈ,ਇਹ ਵੀ ਹੋ ਸਕਦਾ ਹੈ ਇਹ ਆਖ਼ਰੀ ਹੋ ਕੇ ਨਿੱਬੜ ਜਾਵੇ ਕਿਉਂਕਿ ਮੈਂ ਜਾਣਦੀ ਹਾਂ, ਮੇਰਾ ਸੱਚ ਸੁਣਦਿਆਂ ਹੀ ਹਰ ਕੋਈ ਮੇਰੇ ਕੋਲੋਂ ਦੂਰ ਚਲਾ ਜਾਦਾ ਹੈ,ਐਨੀ ਕੁ ਦੂਰ, ਜਿਦਾਂ ਉਹ ਇਸ ਦੁਨੀਆਂ ਤੋਂ ਹੀ ਚੱਲਾ ਗਿਆ ਹੋਵੇ, ਜੇਕਰ ਭੁਲੇਖੇ ਨਾਲ ਵੀ ਮਿਲ਼ ਜਾਵੇ। ਆਪਣਾ ਆਪ ਸੰਭਾਲਣ ਲੱਗਦਾ ਹੈ। ਜਿਦਾਂ ਕਿ ਮੈਂ ਉਸਨੂੰ ਖਾ ਜਾਵਾਂਗੀ, ਮੈਂ ਕੋਈ ਡੈਨ ਜਾਂ ਰਾਕਸ਼ ਹੋਵਾਂ,ਪਰ ਮੈਂ ਜਾਣਦੀ ਹਾਂ `ਹੈਵਨ , ਇਹੋ ਜਿਹਾ ਨਹੀਂ ਹੈ,ਉਸਦੀਆਂ ਗੱਲਾਂ ਤੋਂ ਪਤਾ ਲੱਗਦਾ ਹੈ ਉਹ ਬਹੁਤ ਨਿਰਪੱਖ ਸੋਚ ਦਾ ਮਾਲਿਕ ਹੈ। ਸ਼ਾਇਦ ਇਹੀ ਵਜ੍ਹਾ ਹੈ ਕਿ ਮੈਂ ਉਸਨੂੰ ਪਸੰਦ ਕਰਦੀ ਹਾਂ।

ਅਸੀਂ ਬੇਸ਼ੱਕ
ਅਸਲੀਅਤ ਵਿੱਚ ਕਦੇ ਨਹੀਂ ਮਿਲ਼ੇ
ਅਸੀਂ ਖ਼ਾਬਾਂ ਵਿਚ
ਰੋਜ਼ ਮਿਲ਼ਦੇ ਹਾਂ,
ਗੱਲਾਂ ਕਰਦੇ ਹਾਂ
ਇੱਕ ਦੂਸਰੇ ਦੇ ਹੱਥ ਚੁੰਮਦੇ ਹਾਂ,

ਕਿੰਨਾਂ ਕਿੰਨਾਂ ਚਿਰ
ਇੱਕ ਦੂਸਰੇ ਦੀਆਂ ਅੱਖਾਂ ਵਿਚ,
ਡੁੱਬੇ ਰਹਿੰਨੇ ਹਾਂ,
ਜਿੰਨਾਂ ਚਿਰ ਇੱਕ ਸੂਰਜ
ਰਾਤ ਵਕ਼ਤ ਡੁੱਬ ਜਾਂਦਾ ਹੈ।

ਅਲਾਰਮ ਵੱਜਣ ਲੱਗਾ,ਮੇਰਾ ਸੁਪਨਾ ਓਥੇ ਹੀ ਰਹਿ ਗਿਆ,ਅੱਧ ਖੁੱਲ੍ਹੀ ਅੱਖ ਨਾਲ ਇੱਕ ਬਾਂਹ ਬਿਸਤਰ ਵਿੱਚੋਂ ਬਾਹਿਰ ਕੱਢਦਿਆਂ ਮੈਂ ਅਲਾਰਮ ਬੰਦ ਕਰ ਦਿੱਤਾ,ਅੱਜ ਛੁੱਟੀ ਦਾ ਦਿਨ ਹੈ,ਇਸ ਲਈ ਮੈਂ ਰਾਤ ਹੀ ਸਾਉਣ ਤੋਂ ਪਹਿਲਾਂ ਅਲਾਰਮ ਨੂੰ ਅੱਠ ਵਜੇ ਦਾ ਕਰ ਦਿੱਤਾ ਸੀ।ਪਰ ਸੱਚੀਂ ਮੇਰਾ ਭੋਰਾ ਵੀ ਜੀ ਨਹੀਂ ਕਰ ਰਿਹਾ ਉੱਠਣ ਦਾ, ਮੈਂ ਆਪਣੇ ਉੱਪਰਲੀ ਰਜ਼ਾਈ ਨੂੰ ਆਪਣੇ ਉੱਪਰੋਂ ਉਤਾਰ ਕੇ ਬੈਠੇ ਹੋ ਆਪਣੇ ਗੋਡਿਆਂ ਨੂੰ ਬੁੱਕਲ਼ ਮਾਰ ਲਈ ਤੇ ਉਸ ਉੱਪਰ ਸਿਰ ਰੱਖ ਆਪਣੇ ਇੱਕਲੇਪਣ ਨੂੰ ਭਰਨ ਲੱਗੀ। ਸੋਚਣ ਲੱਗੀ ਕਾਸ਼ ਜੇ ਉਹ ਸੁਪਨਾ ਨਾ ਟੁੱਟਦਾ ਤਾਂ ਮੈਂ ਉਸਨੂੰ ਮਿਲ਼ਣ ਚੱਲੇ ਜਾਣਾਂ ਸੀ। ਹਕੀਕਤ ਵਿਚ ਨਾ ਸਹੀ ਖ਼ਾਬਾਂ ਵਿਚ ਤੇ ਕਿਸੇ ਨੂੰ ਗੱਲਵਕੜੀ ਪਾ ਕੇ ਮਿਲਣਾ ਸੀ।

ਮੈਂ ਇੰਟਰਨੈੱਟ ਉੱਪਰ ਇੱਕਲੇਪਣ ਨੂੰ ਦੂਰ ਕਰਨ ਲਈ ਕੋਈ ਸੁਝਾਅ ਲੱਭਿਆ ਉਹਨਾਂ ਵਿੱਚੋਂ ਇੱਕ ਉਪਾਅ ਸੀ। ਸੋਸ਼ਲ ਮੀਡੀਆ.....

ਮੈਨੂੰ ਸਹੀ ਲੱਗਿਆ, ਮੈਂ ਤੁਰੰਤ ਆਪਣੇ ਫ਼ੋਨ ਵਿਚ ਇੰਸਟਾਗ੍ਰਾਮ ਡੌਨਲਡ ਕਰ ਲਿਆ, ਇੱਕ ਫੇਕ ਅਕਾਊਂਟ ਕਰੀਏਟ ਕਰਕੇ, ਲੋਕਾਂ ਦੀਆਂ ਫੀਲਿੰਗਜ ਨੂੰ ਪੜ੍ਹਨਾ ਸਟਾਰਟ ਕੀਤਾ ਮੈਨੂੰ ਨਿਵੇਕਲਾ ਜਿਹਾ ਮਹਿਸੂਸ ਹੋਇਆ,ਕਹਿ ਸਕਦੇ ਹੋ ਮੈਨੂੰ ਵਧੀਆ ਲੱਗਾ , ਮੈਂ ਤਕਰੀਬਨ ਇੱਕ ਘੰਟਾ ਲਗਾਤਾਰ ਲੋਕਾਂ ਦੀਆਂ ਪੋਸਟਾਂ ਨੂੰ ਪੜਦੀ ਰਹੀ ਬਿਨਾਂ ਲਾਈਕ ਕਰੇ। ਫ਼ੇਰ ਮੈਨੂੰ ਇੱਕ ਦਿਨ ਇੱਕ ਅਕਾਊਂਟ ਮਿਲਿਆ ਆਈ ਐੱਮ ਹੈਵਨ... ਇੱਕ ਖ਼ੂਬਸੂਰਤ ਜਿਹੇ ਚਿਹਰੇ ਵਾਲ਼ਾ ਆਦਮੀਂ ,ਜੋ ਵੇਖਣ ਵਿਚ ਬਿਲਕੁਲ ਮੇਰੇ ਹਾਣ ਦਾ ਲੱਗਾ। ਮੈਂ ਉਸਦੀ ਪ੍ਰੋਫਾਈਲ ਚੈੱਕ ਕਰਨ ਲੱਗੀ ਚੈੱਕ ਕਰਦਿਆਂ ਕਰਦਿਆਂ ਕਦ ਫੌਲੋ ਵਾਲ਼ਾ ਬਟਨ ਟੱਚ ਹੋ ਗਿਆ ਪਤਾ ਹੀ ਨਹੀਂ ਲੱਗਾ, ਮੈਂ ਜਲਦੀ ਜਲਦੀ ਅਨਫੌਲੋ ਕਰ ਦਿੱਤਾ,ਪਤਾ ਨਹੀਂ ਉਹ ਮੇਰੀ ਹੀ ਉਡੀਕ ਵਿਚ ਬੈਠਾ ਸੀ।

ਹੈਵਨ : ਕੀ ਗੱਲ ਅਨਫੌਲੋ ਵੀ ਕਰਤਾ ਐਨੀ ਜਲਦੀ,

ਮੈਂ : ਗ਼ਲਤੀ ਨਾਲ਼ ਹੋ ਗਿਆ ਸੀ।

ਹੈਵਨ : ਕੀ ਏਦਾਂ ਵੀ ਹੋ ਜਾਂਦਾ ਹੈ।

ਮੈਂ : ਨਹੀਂ ਜਾਣ ਬੁੱਝ ਕੇ ਨਹੀਂ ਕੀਤਾ, ਮੈਂ ਤੁਹਾਡੀ ਪ੍ਰੋਫਾਈਲ ਚੈੱਕ ਕਰ ਰਹੀ ਸੀ।

ਹੈਵਨ : ਕਿਉਂ

ਮੈਂ : ਵੈਸੇ ਹੀ ਵਧੀਆ ਲੱਗਦਾ ਹੈ ਮੈਨੂੰ

ਹੈਵਨ : ਕਿਸੇ ਨੂੰ ਵੇਖਣਾ ਜਾਂ ਪੜ੍ਹਨਾ

ਮੈਂ : ਦੋਵੇਂ ਕਹਿ ਲਵੋ..

ਹੈਵਨ : ਠੀਕ ਹੈ।

ਮੈਂ : ਬਹੁਤ ਸੋਹਣਾ ਲਿਖਦੇ ਹੋ ਤੁਸੀਂ,

ਹੈਵਨ : ਸ਼ੁਕਰੀਆ,ਆਪ ਜੀ ਦੀ ਤਾਰੀਫ਼

ਮੈਂ : ਨੈਨਸੀ, ਕੱਠਪੁਤਲੀ ਦੀ ਵਸਨੀਕ...

ਹੈਵਨ : ਮੈਨੂੰ ਬਹੁਤ ਖ਼ੂਬਸੂਰਤ ਲੱਗਦਾ ਹੈ ਇਹ ਨਿੱਕਾ ਜਿਹਾ ਸ਼ਹਿਰ

ਮੈਂ : ਮੈਨੂੰ ਵੀ, ਤੁਸੀਂ ਕਿੱਥੋਂ ਹੋ..??

ਹੈਵਨ : ਲਾਗੇ ਹੀ ਇੱਕ ਪਿੰਡ ਹੈ, ਕਰੌਲੀ,

ਮੈਂ : ਓਥੋਂ ਦੀ ਮੇਰੀ ਇੱਕ ਫਰੈਂਡ ਵੀ ਹੈ,ਜੋ ਪਹਿਲਾਂ ਰਹਿੰਦੀ ਸੀ ਕਰੌਲੀ,ਹੋ ਸਕਦਾ ਤੁਸੀਂ ਉਸਨੂੰ ਜਾਣਦੇ ਹੋਵੋ

ਹੈਵਨ : ਨਾਮ


ਮੈਂ : ਭਾਟੀਆ

ਹੈਵਨ : ਕੀ ਓਹੀ ਭਾਟੀਆ

ਮੈਂ : ਹਾਂ ਉਹੀ, ਮਤਲਬ

ਹੈਵਨ : ਜੋ ਗ਼ਲਤ ਔਰਤ ਹੈ।

***



**3**

ਸਵੇਰ ਦਾ ਸੂਰਜ ਕਿਲਕਾਰੀਆਂ ਮਾਰ ਰਿਹਾ ਸੀ। ਮੈਨੂੰ ਪਤਾ ਹੀ ਨਾ ਲੱਗਾ ਮੈਂ ਕਦੋਂ ਕਿਤਾਬ ਪੜ੍ਹਦਾ ਪੜ੍ਹਦਾ ਸੌਂ ਗਿਆ, ਫ਼ੋਨ ਦੇ ਉੱਪਰ ਲੱਗੀ ਹਲਕੀ ਜਿਹੀ ਬੱਤੀ ਵਾਰ ਵਾਰ ਜਗ ਬੁੱਝ ਰਹੀ ਸੀ। ਮੈਂ ਵੇਖਿਆ ਐੱਲਸੀ ਦੇ ਕਈ

ਮੈਸਜ਼ ਤੇ ਫੋਨ ਆਏ ਹੋਏ ਸਨ।

ਐੱਲਸੀ : ਹੈਲੋ

ਕਿਵੇਂ ਹੋ..???

ਕੀ ਕਰ ਰਹੇ ਹੋ..???

ਹੈਲੋ...??

ਤੁਸੀਂ ਬੋਲ ਕਿਉਂ ਨਈ ਰਹੇ...!!!

ਸੁਣ ਰਿਹਾ..???

ਮੈਂ ਫ਼ੋਨ ਕਰਨ ਲੱਗੀ ਹਾਂ...!!!

....

....

ਦੱਸ ਸਕਦੇ ਹੋ ਫ਼ੋਨ ਕਿਉਂ ਨਹੀਂ ਚੁੱਕਿਆ...??

ਕੀ ਤੁਸੀਂ ਠੀਕ ਹੋ..??

ਕੀ ਰੋਸਾ ਹੈ ਮੇਰੇ ਨਾਲ਼..!

ਹੈਲੋ ਬੋਲਦੇ ਕਿਉਂ ਨਹੀਂ..?

ਗ਼ਲਤੀ ਤੇ ਦੱਸ ਸਕਦੇ ਹੋ...???

ਮੈਂ ਅੱਜ ਤੋਂ ਬਾਅਦ ਕਦੇ ਮੈਸਜ਼ ਨਹੀਂ ਕਰਾਂਗੀ।

ਮੈਨੂੰ ਦੱਸ ਤਾਂ ਦੇਵੋ..!!

ਤੁਹਾਨੂੰ ਪਤਾ ..!!!

ਮੈਨੂੰ ਏਦਾਂ ਲੱਗਦਾ ਹੈ।

ਕਿ ਤੁਸੀਂ ਮੇਰੇ ਆਪਣੇ ਹੋ।।

ਮੈਨੂੰ ਤੁਹਾਡੇ ਨਾਲ਼ ਗੱਲ ਕਰਨਾ ਵਧੀਆ ਲੱਗਦਾ ਹੈ।

ਨਾ ਬੋਲੋ..!!

ਮੈਂ ਵੀ ਨਹੀਂ ਬੋਲਣਾ ਹੁਣ..!!

ਬਾਏ ( 10:03pm )...

ਬਾਏ ( 10:27 pm )...

ਬਾਏ ,ਗੁੱਡ ਨਾਈਟ ( 11:01pm )...

ਵੇਖ ਲਵੋ,ਬਾਏ ਹੁਣ ਮੈਂ ਸੱਚੀਂ ਸੋ ਰਹੀਂ ਹਾਂ ( 11:53pm )

ਮੈਨੂੰ ਖੁਸ਼ੀ ਵੀ ਮਿਲ਼ੀ ਪਰ ਹੈਰਾਨੀ ਵੀ ਹੋਈ ਕਿ ਥੋੜ੍ਹੇ ਜਿਹੇ ਦਿਨਾਂ ਵਿਚ ਵੀ ਕੋਈ ਐਨਾ ਕਿਸੇ ਦੇ ਨਜ਼ਦੀਕ ਹੋ ਜਾਂਦਾ ਹੈ।ਪਰ ਖੁਸ਼ੀ ਵੀ ਹੋਈ ਕਿ ਇਹ ਵੀ ਮੇਰਾ ਥੋੜ੍ਹਾ ਬਹੁਤ ਫ਼ਿਕਰ ਕਰਦੀ ਹੈ। ਮੈਂ ਸਾਰੇ ਮੈਸਜ਼ ਪੜ ਮੈਸਜ਼ ਲਿਖਣਾ ਸ਼ੁਰੂ ਕੀਤਾ।

ਮੈਂ : ਸੌਰੀ , ਮੈਨੂੰ ਪਤਾ ਹੀ ਨਹੀਂ ਲੱਗਾ ਰਾਤ ਕਦੋਂ ਨੀਂਦ ਆ ਗਈ, ਦਰਅਸਲ ਵਿਚ ਰਾਤ ਮੈਂ ਬਹੁਤ ਜ਼ਿਆਦਾ ਨਸ਼ੇ ਵਿਚ ਸਾਂ, ਬੇਸ਼ੱਕ ਮੈਂ

ਨਸ਼ੇ ਦੀ ਵਰਤੋਂ ਰੋਜ਼ਾਨਾ ਦੇ ਮਾਤਰ ਬਹੁਤ ਘੱਟ ਕੀਤੀ ਸੀ। ਪਰ ਫ਼ੇਰ ਵੀ ਏਦਾਂ ਕਿਉਂ ਇਹ ਮੈਨੂੰ ਨਹੀਂ ਪਤਾ, ਮੈਂ ਮਾਫ਼ੀ ਚਾਹੁੰਦਾ ਹਾਂ ,ਸੌਰੀ ਕੀ ਤੁਸੀਂ ਠੀਕ ਹੋ..??

ਐੱਲਸੀ : ਹਾਂ ਠੀਕ ਹੀ ਹਾਂ, ਤੁਹਾਨੂੰ ਤੇ ਕੋਈ ਫ਼ਰਕ ਨਹੀਂ ਪੈਂਦਾ...

ਮੈਂ : ਹਾਏ ਓਏ,ਚੰਗਾ ਬਾਬਾ ਸੌਰੀ

ਐੱਲਸੀ : ਲੋੜ ਨਹੀਂ,ਹੋਰ ਦੱਸੋ..??

ਮੈਂ : ਵਧੀਆ, ਤੁਸੀਂ ਦੱਸੋ।

ਐੱਲਸੀ : ਬਸ ਕੁਝ ਨਹੀਂ, ਮੈਂ ਸੌਂ ਰਹੀ ਹਾਂ

ਮੈਂ : ਮਰਜ਼ੀ ਹੈ।

ਐੱਲਸੀ : ਇਹਦਾ ਕੀ ਮਤਲਬ ਹੋਇਆ...

ਮੈਂ : ਜੋ ਮਰਜ਼ੀ ਸਮਝ ਲਵੋ..

ਐੱਲਸੀ : ਜੀ ਗੁੱਡ ਨਾਈਟ,

ਮੈਂ : ਜੀ ਬਾਏ

ਐੱਲਸੀ : ਬਾਏ.!

ਮੈਂ ਕਿੰਨਾ ਚਿਰ ਉਹਦੇ ਬਾਰੇ ਸੋਚਦਾ ਰਿਹਾ ਕਿ ਪਤਾ ਨਹੀਂ ਉਹ ਮੇਰੇ ਸੋਚਦੀ ਵੀ ਹੈ ਜਾਂ ਨਹੀਂ। ਮੈਂ ਬੜਾ ਅਜੀਬ ਜਿਹਾ ਇਨਸਾਨ ਹਾਂ,ਮੇਰਾ ਦਿਲ ਕਰਿਆ, ਅੱਜ ਫ਼ੇਰ ਕੁਝ ਪੋਸਟ ਕੀਤਾ ਜਾਵੇ। ਮੈਂ ਲਿਖਣਾਂ ਸ਼ੁਰੂ ਕੀਤਾ, ਫੋਨ ਗੈਲਰੀ ਵਿੱਚੋਂ ਇੱਕ ਹਨੇਰੀ ਵਿੱਚ ਖੜੀ ਅੱਧਨੰਗ ਔਰਤ ਦੀ ਤਸਵੀਰ ਸਲੈਕਟ ਕਰ। ਇਸ ਨਾਲ ਲੋਕ ਦਾ ਧਿਆਨ ਆਪਣੇ ਵੱਲ

ਖਿੱਚਿਆ ਜਾ ਸਕਦਾ ਹੈ। ਚਾਹੋਂ ਤੇ ਤੁਸੀਂ ਇਹ ਤਰੀਕਾ ਅਪਣਾ ਕੇ ਵੇਖ ਸਕਦੇ ਹੋ।

ਪਤਾ ਨਹੀਂ

ਮੈਂ ਬਹੁਤ ਕੁਝ ਸੋਚਦਾਂ ਹਾਂ।
ਕੁਝ ਤੇਰੇ ਬਾਰੇ ਕੁਝ ਮੇਰੇ ਬਾਰੇ
ਕੁਝ ਦੁਨੀਆਂ ਬਾਰੇ..!
ਮੈਨੂੰ ਇਹ ਸਮਝ ਨਹੀਂ ਆਉਂਦੀ
ਇੱਕ ਮਨੁੱਖ ਸਾਰੀ ਉਮਰ
ਇੱਕ ਮੁਹੱਬਤ ਲਈ ਹੀ
ਕਿਉਂ ਸੋਚਦਾ ਹੈ।

ਅਖ਼ੀਰ...!
ਸੋਚਦਾ...
ਸੋਚਦਾ...
ਸੋਚਦਾ...
ਬੁੱਢਾ ਹੋ ਜਾਂਦਾ ਹੈ।

ਜਿੱਥੋਂ ਤੀਕ ਮੇਰੀ ਸੋਚ ਹੈ।
ਮੈਨੂੰ ਐਦਾਂ ਹੀ ਜਾਪਦਾ ਹੈ।

ਜੇਕਰ ਆਪਾਂ ਸਭ ਤੋਂ ਜ਼ਿਆਦਾ ਕਿਸੇ
ਬਾਰੇ ਸੋਚਦੇ ਹਾਂ,
ਤਾਂ ਉਹ ਮੁਹੱਬਤ ਹੈ।

ਪਰ ਮੈਂ ਕਦੇ ਕਦੇ ਸੋਚਦਾਂ ਹਾਂ
ਕਿ ਮੇਰੇ ਹਿੱਸੇ ਦੀ ਮੁਹੱਬਤ ਕਿੱਥੇ ਹੈ।
ਮੈਨੂੰ ਕਿਦਾਂ ਪਤਾ ਲੱਗੇਗਾ
ਕਿ ਇਹ ਸ਼ਕਸ ਉਹ ਹੀ ਹੈ।
ਜਿਸ ਨਾਲ਼ ਮੈਂ ਮੁਹੱਬਤ ਕਰਨੀਂ ਹੈ।

ਫੇਰ ਮੈਂ
ਸੁਪਨਿਆਂ ਦੀ ਦੁਨੀਆਂ ਵਿੱਚ
ਚਲਾ ਜਾਂਦਾ ਹੈ।
ਜਿੱਥੇ ਮੈਨੂੰ ਇੱਕ
ਕਾਲ਼ੇ ਰੰਗ ਦੀ ਔਰਤ
ਹਰਰੋਜ਼ ਮਿਲ਼ਣ ਆਉਂਦੀ ਹੈ।

ਮੈਨੂੰ ਉਹ
ਇਹ ਸਾਰੀ ਦੁਨੀਆਂ ਤੋਂ
ਸੋਹਣੀ ਲੱਗਦੀ ਹੈ।
ਤੈਨੂੰ ਪਤਾ ਉਹਦਾ ਨਾਂ ਵੀ

ਮੇਰੇ ਨਾਂ ਦੇ ਵਰਗਾ ਹੀ ਹੈ।

ਮੈਨੂੰ ਨਹੀਂ ਸੀ ਪਤਾ,
ਕਿ ਰੰਗ ਦਾ ਸੋਹਣਾ
ਹੋਣਾ,ਜਰੂਰੀ ਨਹੀਂ ਹੁੰਦਾ,
ਇਸੇ ਲਈ ਮੈਂ ਕਦੇ ਨਹੀਂ
ਕਿਹਾ ਉਸਨੂੰ,
ਕਿ ਤੇਰਾ ਰੰਗ ਕਾਲ਼ਾ ਹੈ।
ਮੋਹਤਰਮਾ ਰੰਗ ਤਾਂ ਰੰਗ ਹੁੰਦੇ ਨੇ,
ਫ਼ੇਰ ਕੀ ਕਾਲ਼ਾ ਤੇ ਕੀ ਨੀਲਾ,
ਐਨਾ ਬਹੁਤ ਹੈ,
ਮੇਰੇ ਲਈ....
ਕਿ ਉਹਦਾ ਇੱਕ ਰੰਗ ਤੇ ਹੈ।
ਬਹੁਤੇ ਤਾਂ ਨਹੀਂ,

ਕਈ ਐਦਾਂ ਵੀ
ਸੋਹਣੇ ਹੁੰਦੇ ਨੇ,
ਜਿਵੇਂ ਉਹ ਕਾਲੇ ਰੰਗ ਵਾਲ਼ੀ ਔਰਤ

ਮੈਨੂੰ ਸੱਚੀ.!!
ਪਤਾ ਹੀ ਨਹੀਂ ਲੱਗਾ।

ਕਦੋਂ ਮੈਂ ਉਸਦੀ ਆਦਤ ਬਣ ਬੈਠਾ
ਤੇ ਕਦੋਂ ਉਹ ਮੇਰੀ।

ਹੁਣ ਜਦੋਂ ਵੀ ਮੈਂ ਇੱਕਲਾ ਹੁੰਨਾ ਹਾਂ,
ਉਹਨੂੰ ਹਾਕ ਮਾਰ ਲੈਣਾਂ ਹਾਂ।
ਉਹ ਆਉਂਦੀ ਹੈ. ਭੱਜੀ...ਭੱਜੀ
ਚਾਈ...ਚਾਈ ...
ਮੇਰਾ ਦਿਲ ਕਰਦਾ ਹੁੰਦਾ,
ਮੈਂ ਉਸਨੂੰ ਗੱਲਵਕੜੀ ਪਾ ਲਵਾਂ
ਪਰ ਤੈਨੂੰ ਪਤਾ ਤਾਂ ਹੈ।
ਦੁਨੀਆ ਤਾਂ ਦੁਨੀਆ ਹੀ ਹੈ
ਚਾਹੇ ਕੁਦਰਤੀ ਤੇ ਚਾਹੇ ਸੁਪਨਿਆਂ ਵਾਲ਼ੀ
ਡਰ ਲੱਗਦਾ ਹੈ।

ਮੈਨੂੰ ਫ਼ਿਕਰ ਹੈ।
ਕਿਤੇ ਕੋਈ ਕਹਿ ਨਾ ਦੇਵੇ ਉਸਨੂੰ
ਕਿ ਇਹ ਗ਼ਲਤ ਕੁੜੀ ਹੈ।

ਇਹ ਉਹ ਸਹੀ ਗ਼ਲਤ ਨਹੀਂ।
ਜੋ ਜਿਸ ਨਾਲ਼,
ਗ਼ਲਤ ਸਹੀ ਹੋਣ ਤੇ

ਨੰਬਰ ਕੱਟੇ ਜਾਣਗੇ ।

ਇਹ ਉਹ ਸਹੀ ਗ਼ਲਤ ਹੈ

ਜਿਸਦਾ ਤਬੀਤ ਬਣਾ ਕੇ

ਉਸਦੇ ਗਲ਼ ਵਿਚ

ਪਾ ਦਿੱਤਾ ਜਾਵੇਗਾ

ਤੂੰ ਹੀ ਦੱਸ

ਕੌਣ ਚਾਹੁੰਦਾ ਹੈ

ਉਹ ਕੁੜੀ ਆਪਣੀ

ਮੁਹੱਬਤ ਹੋਵੇ।

ਜੋ ਪੂਰੀ ਦੁਨੀਆ ਵਿਚ

ਬਦਨਾਮ ਸ਼ਬਦ ਨਾਲ਼

ਜਾਣੀਂ ਜਾਂਦੀ ਹੈ।

ਫ਼ੇਰ ਮੈਂ ਵੀ ਤੇ ਇਸੇ,

ਦੁਨੀਆਂ ਦਾ

ਹਿੱਸਾ ਹਾਂ।

~

ਮੈਂ ਹੂਬਹੂ ਐਦਾਂ ਹੀ ਅਪਲੋਡ ਕਰ ਦਿੱਤਾ ਤੇ ਆਪ ਰੋਜ਼ਾਨਾ ਵਾਂਗ ਉਹੀ ਕੰਮ ਵਿਚ ਰੁੱਝ ਗਿਆ, ਦਰਅਸਲ ਵਿਚ ਜੋ ਮੈਂ ਕੰਮ ਕਰਦਾ ਹਾਂ, ਉਸਨੂੰ

ਕੰਮ ਵਿਚ ਨਹੀਂ ਗਿਣ ਸਕਦੇ, ਕਿਉਂਕਿ ਮੇਰਾ ਕੰਮ ਹੈ , ਲੋਕਾਂ ਦੀ ਫੇਕ ਦੁਨੀਆਂ ਨੂੰ ਹੋਰ ਫੇਕ ਬਣਾਉਣਾ , ਹਾਂ ਮੈਂ ਲੋਕਾਂ ਨੂੰ ਫੇਕ ਲਾਇਕ, ਕਮੈਂਟ, ਸ਼ੇਅਰ ਆਦਿ ਵੇਚਦਾ ਹਾਂ,ਇਸੇ ਨਾਲ਼ ਮੈਂ ਆਪਣਾ ਖ਼ਰਚਾ ਕੱਢਦਾ ਹਾਂ, ਮੈਂ ਰਾਤ ਰੋਟੀ ਖਾਣੀਂ ਭੁੱਲ ਗਿਆ ਸੀ। ਜਿਸ ਕਰਕੇ ਹੁਣ ਮੈਨੂੰ ਬਹੁਤ ਜ਼ਿਆਦਾ ਭੁੱਖ ਲੱਗੀ ਹੋਈ ਹੈ। ਮੈਂ ਬਿਸਤਰ ਵਿੱਚੋਂ ਸਿੱਧਾ ਉੱਠਕੇ ਪਹਿਲਾਂ ਚਾਹ ਬਣਾਵਾਂਗਾ ਤੇ ਫ਼ੇਰ ਨਹਾਉਣ ਜਾਵਾਂਗਾ ਤੇ ਫ਼ੇਰ ਰੋਟੀ ਬਣਾਵਾਂਗਾ ਤੇ ਫ਼ੇਰ ਹਰਰੋਜ਼ ਵਾਂਗ ਆਪਣੇ ਕੰਮ ਤੇ ਲੱਗ ਜਾਂਵਾਂਗਾ, ਏਦਾਂ ਹੀ ਬੀਤਦਾ ਹੈ ਮੇਰਾ ਹਰ ਦਿਨ

ਮੈਂ ਇੱਕ ਸੁਪਰ ਸਟਾਰ ਦੀ ਰਾਤੀਂ ਅਪਲੋਡ ਕੀਤੀ ਫੋਟੋ ਤੇ ਕੁਝ ਹਜ਼ਾਰ ਕਮੈਂਟ ਤੇ ਲਾਈਕ ਭੇਜ ਰਿਹਾ ਸੀ।ਕਿ ਉੱਚੀ ਫ਼ੋਨ ਦੀ ਰਿੰਗ ਵੱਜਣ ਲੱਗੀ,ਜੋ ਕਿ ਮੈਂ ਸਵੇਰੇ ਰੋਟੀ ਖਾਣ ਸਮੇਂ ਸੈੱਟ ਕੀਤੇ ਅਲਾਰਮ ਦੀ ਸੀ।ਮੇਰਾ ਸ਼ਰਾਬ ਤੇ ਸਿਗਰਟ ਪੀਏ ਬਿਨਾਂ ਸੱਤ ਤੋਂ ਬਾਅਦ ਇੱਕ ਮਿੰਟ ਵੀ ਨਹੀਂ ਲੰਘਦਾ,ਇਸੇ ਲਈ ਹੁਣ ਮੈਨੂੰ ਜਾਣਾ ਚਾਹੀਦਾ ਹੈ, ਸ਼ਰਾਬ ਦੇ ਸਿਗਰਟ ਲੈਣ ਲਈ,ਮੇਰਾ ਮਨ ਕਹਿ ਰਿਹਾ ਹੈ ਤੂੰ ਜਿਆਦਾ ਨਾ ਸੋਚ ਚੁੱਪ ਚਾਪ ਖੜ੍ਹਾ ਹੋ,ਸੋ ਮੈਂ ਅਖ਼ੀਰ ਆਪਣੇ ਆਪ ਨੂੰ ਤਿਆਰ ਕਰ ਹੀ ਲਿਆ, ਮੈਂ ਇੱਕ ਕੈਪਰੀ ਤੇ ਟੀ-ਸ਼ਰਟ ਪਾ ਲਈ ਤੇ ਕੱਲ੍ਹ ਤੇ ਸਵੇਰ ਵਾਲ਼ੇ ਕੱਪੜੇ ਮਸ਼ੀਨ ਵਿਚ ਸੁੱਟ ਦਿੱਤੇ, ਲੈਪਟਾਪ ਦੇ ਬੈੱਗ ਵਿਚੋਂ ਆਪਣਾ ਪਰਸ ਚੁੱਕਿਆ ਤੇ ਉਸ ਵਿਚ ਕਰੈਡਿਟ ਕਾਰਡ ਚੈੱਕ ਕੀਤਾ ਤੇ ਰੂਮ ਨੂੰ ਲਾਕ ਕਰ,ਲਿਫਟ ਰਾਹੀਂ ਪੰਜਾਂ ਮਿੰਟਾਂ ਵਿੱਚ ਗਰਾਊਂਡ ਫਲੋਰ ਤੇ ਪਹੁੰਚ ਗਿਆ,ਮੇਰਾ ਰੂਮ ਗਰਾਊਂਡ ਫਲੋਰ ਤੋ ਤੱਤੀਵੀਂ ਮੰਜ਼ਿਲ ਤੇ ਹੈ। ਮੈਂ ਪੈਦਲ

ਜਾ ਰਿਹਾ ਹਾਂ ਇੱਥੋਂ ਜ਼ਿਆਦਾ ਦੂਰ ਨਹੀਂ ਇੱਕ ਕਿਲੋਮੀਟਰ ਦੂਰ ਹੀ ਇੱਕ ਕੰਪਲੈਕਸ ਹੈ। ਜਿੱਥੋਂ ਮੈਂ ਅਕਸਰ ਹੀ ਸਾਰਾ ਸਮਾਨ ਲੈ ਆਉਂਦਾ ਹਾਂ, ਮੈਂ ਚੁੱਪ ਚਾਪ ਤੁਰਿਆਂ ਜਾ ਰਿਹਾ ਹਾਂ, ਮੌਸਮ ਸੁਭਾਅ ਦੇ ਹਾਣਦਾ ਹੋਇਆ ਪਿਆ ਹੈ, ਨਾਂ ਧੁੱਪ ਹੈ, ਨਾ ਬੱਦਲਵਾਈ ਹਲ਼ਕਾ ਜਿਹਾ, ਪਤਾ ਨਹੀਂ ਕਿਵੇਂ ਦਾ ਅਜੀਬ ਜਾ, ਮੇਰੀ ਆਦਤ ਹੈ ਮੈਂ ਨੀਵੀਂ ਪਾ ਕੇ ਤੁਰਦਾ ਹਾਂ,ਬਸ ਉੱਪਰ ਐਨਾ ਕੁ ਹੀ ਵੇਖਦਾਂ ਹਾਂ ਕਿ ਕਿਸੇ ਨਾਲ ਨਾ ਟਕਰਾਅ ਜਾਵਾਂ।

ਕੀ ਹੋਇਆ ਮੈਂ ਬਿਲਕੁਲ ਸਹੀ ਸਲਾਮਤ ਜਾ ਰਿਹਾ ਹਾਂ,ਕਿ ਇੱਕ ਅਤੀ ਸੁੰਦਰ ਔਰਤ ਮੇਰੇ ਵਿਚ ਐਦਾਂ ਟਕਰਾਈ ਜਿਦਾਂ ਮੈਂ ਗ਼ਲਤ ਸਾਇਡ ਜਾ ਰਿਹਾ ਹੋਵਾਂ, ਉਸਦੇ ਹੱਥ ਵਿਚ ਕੁਝ ਕਿਤਾਬਾਂ ਸੀ,ਜੋ ਥੱਲੇ ਡਿੱਗ ਗਈਆਂ, ਮੈਂ ਉਹਨਾਂ ਨੂੰ ਚੁੱਕਣ ਲੱਗਾ, ਥੱਲੇ ਬੈਠ ਕੇ, ਉਹ ਵੀ ਚੁੱਕਣ ਲੱਗੀ, ਕਿਤਾਬਾਂ ਚੁੱਕਦੀ ਉਹ ਬੋਲੀ ਆਈ ਐੱਮ ਸੌਰੀ,
ਮੈਂ ਕਿਹਾ ਇਟਸ ਓਕੇ, ਉਹ ਹਲਕੀ ਜਿਹੀ ਮੁਸਕਾਨ ਦੇ ਚੱਲੀ ਗਈ। ਉਸਦਾ ਸਿਰ ਐਨੀ ਜ਼ਿਆਦਾ ਜ਼ੋਰ ਦੀ ਮੇਰੇ ਨਾਲ ਟਕਰਾਇਆ ਸੀ ਕਿ ਮੇਰੀ ਛਾਤੀ ਵਿਚ ਹਲਕਾ ਜਿਹਾ ਦਰਦ ਹੋ ਰਿਹਾ ਹੈ।
ਮੈਂ ਕੰਪਲੈਕਸ ਵਿੱਚ ਗਿਆ ਤੇ ਪੰਜ ਬੋਤਲਾਂ ਸ਼ਰਾਬ ਦੀਆਂ ਤੇ ਦੋ ਸਿਗਰਟਾਂ ਦੀਆਂ ਡੱਬੀਆਂ ਤੇ ਕੁਝ ਥੋੜ੍ਹਾ ਬਹੁਤ ਹੋਰ ਸਮਾਨ ਲੈ ਲ਼ਿਆ, ਜਦੋਂ ਮੈਂ ਘਰ ਪਹੁੰਚਿਆ ਤਾਂ ਛੇ ਤੋਂ ਸਮਾਂ ਲੰਘ ਚੁੱਕਾ ਸੀ। ਮੈਂ ਬੈਗ ਵਿੱਚੋਂ ਸਮਾਨ ਨੂੰ ਕੱਢ ਸਭ ਕੁਝ ਆਪਣੀ ਆਪਣੀ ਜਗਾਹ ਤੇ ਰੱਖ ਦਿੱਤਾ ਤੇ ਪਾਣੀ ਦਾ ਇੱਕ ਗਲਾਸ ਅੰਦਰ ਸੁੱਟ, ਸਕੂਨ ਮਹਿਸੂਸ ਕੀਤਾ,ਮੇਰਾ ਦਿਲ

ਕਿਹਾ ਰਿਹਾ ਸੀ ਕਿਉਂ ਨਾ ਇੱਕ ਕੱਪ ਕੌਫ਼ੀ ਹੋ ਜਾਏ, ਮੈਂ ਕੁਰਸੀ ਤੇ ਬੈਠਾ ਕਿੰਨਾ ਚਿਰ ਐੱਲੀਸਾ ਬਾਰੇ ਸੋਚ ਰਿਹਾ ਸੀ। ਕਿਵੇਂ ਦੀ ਕੁੜੀ ਹੈ, ਪਤਾ ਨਹੀਂ ,ਵੇਖਣ ਵਿਚ ਕਿਵੇਂ ਹੈ, ਜਿਵੇਂ ਉਹ ਮੇਰੇ ਨਾਲ ਮੈਸਜ਼ ਵਿਚ ਗੱਲ ਕਰਦੀ ਹੈ, ਓਦਾਂ ਹੀ ਅਸਲੀਅਤ ਵਿੱਚ ਵੀ ਏਵੇਂ ਹੀ ਕਰਦੀ ਹੋਊ, ਮੈਂ ਉੱਠਿਆ ਤੇ ਕੌਫ਼ੀ ਬਣਾਉਣ ਲੱਗ ਗਿਆ,ਸੱਤ ਵੱਜ ਗਏ ਸਨ। ਮੈਂ ਕੌਫ਼ੀ ਨਾਲ ਇੱਕ ਬਰੈਡ ਤੇ ਜੈਮ ਲਾ ਕੇ ਖਾਣ ਲੱਗਾ ਜੋ ਕਿ ਮੈਨੂੰ ਬਹੁਤ ਵਧੀਆ ਲੱਗਾ, ਇਸੇ ਤਰ੍ਹਾਂ ਦੋ ਤਿੰਨ ਹੋਰ ਬਰੈੱਡ ਬਣਾ ਲਏ,ਕੱਪ ਵਿੱਚ ਕੌਫ਼ੀ ਦੀ ਆਖ਼ਰੀ ਘੁੱਟ ਰਹਿ ਗਈ ਸੀ।ਕਿ ਮੇਰਾ ਅੱਧ ਖੁੱਲ੍ਹੀ ਕਿਤਾਬ ਵੱਲ ਧਿਆਨ ਗਿਆ, ਮੈਂ ਕੁਰਸੀ ਤੋਂ ਉੱਠਿਆ ਤੇ ਕਿਤਾਬ ਖੋਲ ਕੇ ਉਹ ਪੰਨਾ ਲੱਭਣ ਲੱਗਾ ਜਿੱਥੇ ਮੈਂ ਕੱਲ੍ਹ ਕਿਤਾਬ ਪੜ੍ਹਨੀ ਛੱਡ ਦਿੱਤੀ ਸੀ।

***



# 4

ਹੈਵਨ : ਕੀ ਓਹੀ ਭਾਟੀਆ

ਮੈਂ : ਹਾਂ ਉਹੀ, ਮਤਲਬ

ਹੈਵਨ : ਜੋ ਗ਼ਲਤ ਔਰਤ ਹੈ।

ਮੈਂ : ਗ਼ਲਤ ਮਤਲਬ, ਮਰਦਾਂ ਦੀ ਜ਼ਰੂਰਤ ਦੀ ਚੀਜ਼ ਹੈ। ਤੁਸੀਂ ਗ਼ਲਤ ਕਿਵੇਂ ਕਹਿ ਸਕਦੇ ਹੋ।

ਹੈਵਨ : ਮੇਰਾ ਉਹ ਮਤਲਬ ਨਹੀਂ,ਪਰ ਇਹ ਸਹੀ ਤੇ ਨਹੀ ਹੈ ਨਾ

ਮੈਂ : ਤੁਹਾਡੇ ਕਹਿਣ ਦਾ ਕੀ ਮਤਲਬ ਹੈ...??

ਸਮਝਾ ਸਕਦੇ ਹੋ।

ਇਸਦਾ ਮਤਲਬ ਤਾਂ ਸਾਰੀਆਂ ਔਰਤਾਂ ਗ਼ਲਤ ਨੇ,ਉਹ ਵੀ ਤਾਂ ਆਪਣੇ ਪਤੀਆਂ ਦੀ ਜ਼ਰੂਰਤ ਪੂਰੀ ਕਰਦੀਆਂ ਨੇ,ਕੀ ਏਥੇ ਉਹ ਮਰਦ ਗ਼ਲਤ ਨਹੀਂ, ਜੋ ਸਿਰਫ਼ ਜ਼ਰੂਰਤ ਲਈ ਔਰਤਾਂ ਨੂੰ ਵਰਤਦੇ ਨੇ

ਹੈਵਨ : ਹਾਂ ਉਹ ਵੀ ਗ਼ਲਤ ਨੇ

ਮੈਂ : ਤੁਹਾਨੂੰ ਪਤਾ.... ਇਹ ਸਹੀ ਗ਼ਲਤ ਕੁਝ ਨਹੀਂ ਹੁੰਦਾ,ਬਸ ਇੱਕ ਪਰਦਾ ਹੈ।

ਹੈਵਨ : ਹਾਂਜੀ ਇਹ ਤਾਂ ਹੈ।

ਮੈਂ : ਕਦੇ ਉਸ ਕੋਲ਼ ਬੈਠਣਾ ਤੁਹਾਨੂੰ ਪਤਾ ਲੱਗੇਗਾ,ਉਹ ਕਿਦਾਂ ਦੀ ਔਰਤ ਹੈ।ਉਹ ਵੀ ਬਾਕੀਆਂ ਵਰਗੀ ਹੈ।ਉਹ ਵੀ ਕਿਸੇ ਦੇ ਪਿਆਰ ਲਈ ਤਰਸਦੀ ਹੈ।ਪਰ ਤੁਸੀਂ ਕੀ ਕੋਈ ਕਰੇਗਾ ਉਸਨਾਲ ਪਿਆਰ... ਨਹੀ ਨਾ,ਇਹ ਮਰਦ ਏਦਾਂ ਦੇ ਹੀ ਹੁੰਦੇ ਨੇ, ਇਹਨਾਂ ਨੂੰ ਇਹੀ ਲੱਗਦਾ ਹੁੰਦਾ

ਕਿ ਅਸੀਂ ਕੇਹੋ ਜਿਹੇ ਮਰਜ਼ੀ ਹੋਈਏ,ਪਰ ਸਾਡੀ ਨਾਲ਼ ਰਹਿਣ ਵਾਲ਼ੀ ਔਰਤ ਵਿਚ ਤਿਨਕਾ ਕੁ ਵੀ ਧੱਬਾ ਨਾ ਹੋਵੇ, ਏਦਾਂ ਕਿਉਂ...??

ਹੈਵਨ : ਮੈਂ ਨਹੀਂ ਸੋਚਦਾ

ਮੈਂ : ਸ਼ਾਇਦ ਮੈਂ ਤਾਂ ਹੀ ਤੁਹਾਡੇ ਨਾਲ਼ ਗੱਲ ਕਰ ਰਹੀਂ ਹਾਂ

ਹੈਵਨ : ਕੀ ਇਹ ਗੱਲ ਛੱਡ ਦਿੱਤੀ ਜਾਵੇ

ਮੈਂ : ਜੇ ਜ਼ਰੂਰੀ ਹੈ।

ਹੈਵਨ : ਤੁਸੀਂ ਐਦਾਂ ਲੋਕਾਂ ਦੀਆਂ ਪ੍ਰੋਫਾਈਲਾਂ ਕਿਉਂ ਚੈੱਕ ਕਰਦੇ ਹੋ।

ਮੈਂ : ਮੇਰਾ ਆਪਣਾ ਫ਼ੋਨ ਹੈ।ਆਪਣਾ ਨੈੱਟ ਹੈ ਜੋ ਮਰਜ਼ੀ ਕਰਾਂ

ਹੈਵਨ : ਮੇਰਾ ਉਹ ਮਤਲਬ ਨਹੀਂ

ਮੈਂ : ਮੈਨੂੰ ਵਧੀਆ ਲੱਗਦਾ ਹੈ।

ਹੈਵਨ : ਕੀ ਤੁਸੀਂ ਇੱਕਲੇ ਹੋ

ਮੈਂ : ਹਾਂ...ਉਹ ਵੀ ਬਹੁਤ ਜ਼ਿਆਦਾ

ਹੈਵਨ : ਮੈਂ ਵੀ, ਮੈਂ ਸਾਇਦ ਇਸੇ ਲਈ ਲਿਖਦਾ ਹਾਂ, ਮੇਰੇ ਕੋਲ਼ ਵੀ ਕੋਈ ਨਹੀਂ, ਮੈਂ ਬਿਲਕੁਲ ਇੱਕਲਾ ਹਾਂ ਮੈਂ ਇੱਕ ਪ੍ਰਿੰਟਿੰਗ ਪ੍ਰੈਸ ਉੱਪਰ ਕੰਮ ਕਰਦਾ ਹਾਂ, ਓਥੇ ਵੀ ਮੇਰਾ ਕੋਈ ਦੋਸਤ ਨਹੀਂ ਮੈਂ ਬੜਾ ਅਜੀਬ ਜਿਹਾ ਇਨਸਾਨ ਹਾਂ

ਮੈਂ : ਬਸ ਏਦਾਂ ਹੀ ਸਮਝ ਲਵੋ ਮੈਨੂੰ ਵੀ

ਹੈਵਨ : ਤੁਹਾਨੂੰ ਪਤਾ ਕੁਝ ਸਾਲ ਪਹਿਲਾਂ ਦੀ ਗੱਲ ਹੈ।

ਮੈਂ ਇੱਕ ਨਾਵਲ ਲਿਖਣ ਦੀ ਕੋਸ਼ਿਸ਼ ਕਰੀ,ਉਹ ਮੇਰੇ ਕੋਲ਼ ਅੱਜ ਵੀ ਲਿਖਿਆ ਪਿਆ ਹੈ। ਮੈਨੂੰ ਉਸਦੀ ਅੱਜ ਵੀ ਇੱਕ ਇੱਕ ਸਤਰ ਯਾਦ ਹੈ।ਪਰ ਜਿਸ ਲਈ ਮੈਂ ਉਸਨੂੰ ਲਿਖਿਆ ਸੀ। ਉਸਨੇ ਪੜਨ ਤੋਂ ਮਨਾ ਕਰ

ਦਿੱਤਾ, ਕਿੰਨਾਂ ਦਰਦ ਹੁੰਦਾ ਹੈ ਉਦੋਂ ਜਿਸ ਨਾਲ਼ ਆਪਾਂ ਸਾਰੀ ਜ਼ਿੰਦਗੀ ਜਿਊਣ ਦੇ ਸੁਪਨੇ ਵੇਖੇ ਹੋਣ ਤੇ ਉਹ ਕਹਿ ਦੇਵੇ ਆਈ ਲਾਇਕ ਸਮ ਵਨ ਅਦਰ, ਅਜੀਬ ਹੈ ਹਨਾਂ

ਮੈਂ : ਮੈਂ ਸੁਣਨਾ ਚਾਹੁੰਦੀ ਹਾਂ,ਕੀ ਤੁਸੀਂ ਸੁਣਾਵੋਗੇ।

ਹੈਵਨ : ਹਾਂਜੀ ਜੀ ਜਰੂਰ

ਮੈਂ : ਜੀ ਸੁਣਾਓ

ਹੈਵਨ : ਕੀ ਮੈਂ ਫੋਨ ਕਰ ਸਕਦਾ

ਮੈਂ : ਨਹੀਂ, ਮੈਨੂੰ ਫੋਨ ਤੇ ਗੱਲ ਕਰਨਾ ਪਸੰਦ ਨਹੀਂ

ਹੈਵਨ : ਐਜ ਯੂ ਵਿਸ਼

ਮੈਂ : ਤੁਸੀਂ ਐਦਾਂ ਹੀ ਸੁਣਾ ਦੇਵੋ

ਹੈਵਨ : ਜੀ, ਕੀ ਹੋਇਆ ਮੈਂ ਗਰੈਜੂਏਸ਼ਨ ਕਰਨ ਤੋਂ ਬਾਅਦ ਕੁਝ ਸਮਾਂ , ਕਾਲਰਗਰਾਫੀ ਸਿੱਖਣ ਲਈ ਕਿਸੇ ਅਣਜਾਣ ਸ਼ਹਿਰ ਵਿੱਚ ਚਲਾ ਗਿਆ, ਉਸ ਸ਼ਹਿਰ ਦੀ ਮੈਂ ਆਪਣੇ ਸਰ ਕੋਲੋਂ ਬਹੁਤ ਵਾਰ ਤਾਰੀਫ਼ ਸੁਣੀਂ ਸੀ। ਓਥੇ ਇੱਕ ਪਹਾੜੀ ਟਾਇਪ ਏਰੀਆ ਸੀ। ਸੱਚ ਮੁੱਚ ਹੀ ਉਹ ਤਾਰੀਫ਼ ਦੇ ਕਾਬਿਲ ਸੀ। ਬਹੁਤ ਹੀ ਜ਼ਿਆਦਾ ਅਨੰਦਮਈ ਸਕੂਨਦਾਇਕਤਾ ਵਾਲ਼ਾ ਸ਼ਹਿਰ, ਮੈਂ ਓਥੇ ਇੱਕ ਨੌਕਰੀ ਲੱਭੀ। ਜਿਸ ਤੋਂ ਮੈਨੂੰ ਬਹੁਤੀ ਕਮਾਈ ਤੇ ਨਹੀਂ ਸੀ ਹੁੰਦੀ ਪਰ ਮੇਰਾ ਟਾਇਮ ਪਾਸ ਵਧੀਆ ਹੋ ਰਿਹਾ ਸੀ। ਮੇਰੇ ਲਈ ਐਨਾ ਹੀ ਬਹੁਤ ਸੀ। ਮੈਂ ਜਿਸ ਦੁਕਾਨ ਉੱਪਰ ਨੌਕਰੀ ਕਰਦਾ ਸਾਂ। ਉਸ ਦੁਕਾਨ ਦੇ ਸਾਹਮਣੇ ਇੱਕ ਫੁੱਲਾਂ ਵਾਲ਼ੀ ਦੁਕਾਨ ਸੀ। ਜਿੱਥੇ ਦੋ ਮਾਂ ਬੇਟੀ ਫੁੱਲ ਵੇਚਦੀਆਂ ਸਨ। ਮੈਂ ਉਸਨੂੰ ਪਹਿਲੀ ਵਾਰ ਓਥੇ ਫੁੱਲ ਖ਼ਰੀਦਦੇ ਵੇਖਿਆ ਸੀ। ਉਸਨੂੰ ਵੇਖਦੇ ਸਾਰ ਹੀ ਹਵਾ ਰੁੱਕ ਗਈ

ਸੀ।ਸਾਰੀ ਦੁਨੀਆਂ ਬਲਾਰ ,( Blur ) ਹੋ ਗਈ ਸੀ। ਮੋਟੀਆਂ ਅੱਖਾਂ, ਪਤਾਸਿਆਂ ਵਰਗੇ ਬੁੱਲ੍ਹ,ਤਿੱਖਾ ਨੱਕ, ਭਰਮੀਆਂ ਗਲਾਂ, ਲੰਮੀਂ ਧੋਣ,ਪਤਲਾ ਲੱਕ, ਵਾਹ ਕਮਾਲ ਸੀ ਐਨੀ ਸੋਹਣੀ ਕੁੜੀ ਮੈਂ ,ਪਹਿਲੀ ਵਾਰ ਵੇਖੀਂ ਸੀ ਤੇ ਵੇਖਦਾ ਹੀ ਰਹਿ ਗਿਆ,ਉਹ ਫੁੱਲ ਖ਼ਰੀਦਣ ਇੱਕ ਸਾਇਕਲ ਉੱਪਰ ਆਈ ਸੀ।ਉਹ ਜਦੋਂ ਹੀ ਫੁੱਲ ਲੈ ਕੇ ਜਾਣ ਲੱਗੀ। ਮੈਂ ਮੇਰੇ ਮਾਲਕ ਨੂੰ ਕਿਹਾ ਕਿ ਮੈਂ ਆ ਰਿਹਾਂ ਹਾਂ, ਮੈਨੂੰ ਇੱਕ ਕੰਮ ਪੈ ਗਿਆ, ਮੈਂ ਡਰਦਾ ਡਰਦਾ ਉਸਦੇ ਪਿੱਛੇ ਜਾ ਰਿਹਾ ਸੀ।ਉਹ ਜਦੋਂ ਮੋੜ ਮੁੜੀ ਤਾਂ ਉਸਨੂੰ ਪਤਾ ਲੱਗ ਗਿਆ ਕਿ ਮੈਂ ਉਸਦਾ ਪਿੱਛਾ ਕਰ ਰਿਹਾਂ ਹਾਂ।ਪਰ ਉਸਨੇ ਇਗਨੋਰ ਕਰ ਦਿੱਤਾ,ਉਹ ਇੱਕ ਹੌਸਪੀਟਲ ਦੇ ਅੱਗੇ ਜਾ ਰੁੱਕ ਗਈ। ਸਾਈਕਲ ਸਟੈਂਡ ਉੱਪਰ ਸਾਇਕਲ ਖੜ੍ਹਾ ਕਰ ਉਹ ਅੰਦਰ ਚਲੀ ਗਈ। ਮੈਨੂੰ ਲੱਗਾ ਕਿ ਉਹ ਅੰਦਰ ਜਾ ਚੁੱਕੀ ਹੈ। ਮੈਂ ਵੀ ਓਥੇ ਜਾ ਸਾਇਕਲ ਖੜ੍ਹੀ ਕਰ ਦਿੱਤੀ।ਉਹ ਬਾਹਿਰ ਆਉਂਦੀ ਬੋਲੀ

ਉਹ : ਤੁਸੀਂ ਮੇਰਾ ਪਿੱਛਾ ਕਿਉਂ ਕਰ ਰਹੇ ਹੋ

ਮੈਂ : ਮੇਰੇ ਕੋਲ਼ ਕੁਝ ਵੀ ਨਹੀਂ ਸੀ ਬੋਲਣ ਲਈ , ਮੇਰੀ ਧੜਕਣ ਤੇਜ਼ ਹੋ ਚੁੱਕੀ ਸੀ।

ਉਹ : ਪਲੀਜ਼ ਤੁਸੀਂ ਚੱਲੇ ਜਾਓ

ਮੈਂ: ਤੁਹਾਡਾ ਨਾਮ

ਉਹ : ਪਰ ਕਿਉਂ

ਮੈਂ : ਤੁਸੀਂ ਬਹੁਤ ਸੁੰਦਰ ਹੋ। ਮੈਂ ਇਸ ਸ਼ਹਿਰ ਵਿਚ ਨਵਾਂ ਆਇਆ ਹਾਂ, ਮੈਂ ਕਿਸੇ ਨੂੰ ਵੀ ਜ਼ਿਆਦਾ ਨਹੀਂ ਜਾਣਦਾ,ਕੀ ਆਪਾਂ ਦੋਸਤ ਬਣ ਸਕਦੇ ਹਾਂ

ਉਹ ਹਲਕਾ ਜਿਹਾ ਮੁਸਕਰਾਈ ਤੇ ਬੋਲੀ

ਉਹ : ਮਾਇ ਨੇਮ ਇਜ਼ ਪਨੂ.. ਐਂਡ ਯੂ

ਮੈਂ : ਆਈ ਐੱਮ ਹੈਵਨ, ਮੈਂ ਸਟਰੀਟ ਵਾਈਬ ਫੌਰ ਦੀ ਗਲ਼ੀ ਏਟ ਵਿਚ ਰਹਿੰਦਾ ਹਾਂ

ਉਹ : ਮੈਂ ਸਟਰੀਟ ਫਾਇਬ ਵਨ ਵਿਚ ਫਸਟ ਵੇਅ ਤੇ ਹੀ ਰਹਿੰਦੀ ਹਾਂ, ਦਰਅਸਲ ਵਿਚ ਮੇਰੇ ਮੌਮ ਬਿਮਾਰ ਨੇ, ਮੈਂ ਉਹਨਾਂ ਨੂੰ ਮਿਲਣ ਆਈ ਹਾਂ, ਆਪਾਂ ਕੱਲ੍ਹ ਮਿਲ਼ਦੇ ਹਾਂ,ਜੌਨ ਪਾਰਕ ਸੈਵਨ ਪੀ ਐੱਮ

ਮੈਂ : ਓਕੇ..ਸੀ ਯੂ,ਟੇਕ ਕੇਅਰ

ਉਹ : ਸੇਮ ਟੂ, ਬਾਏ

ਮੈਂ : ਬਾਏ

ਮੈਂ ਓਥੋਂ ਵਾਪਿਸ ਮੁੜ ਆਪਣੀ ਦੁਕਾਨ ਤੇ ਆ ਗਿਆ, ਮੈਂ ਕਿੰਨਾਂ ਚਿਰ ਉਹਦੀ ਬੇਅੰਤ ਖੁਬਸੂਰਤੀ ਨੂੰ ਸੋਚ ਸੋਚ ਕੇ ਅਸਚਰਜਤਾ ਵਿਚ ਡੁੱਬਿਆ ਰਿਹਾ ਤੇ ਫ਼ੇਰ ਮੈਂ ਕੰਮ ਵਿਚ ਰੁੱਝ ਗਿਆ, ਕੱਲ੍ਹ ਮੈਨੂੰ ਦੁਕਾਨ ਉੱਪਰੋਂ ਛੁੱਟੀ ਸੀ।ਇਸ ਲਈ ਅੱਜ ਮੈਨੂੰ ਕੁਝ ਘੰਟੇ ਦੇਰੀ ਨਾਲ਼ ਜਾਣਾਂ ਪਵੇਗਾ।

ਹੈਵਨ : ਮੈਂ ਰੁੱਕ ਕੇ ਕਰਦਾਂ ਹਾਂ ਗੱਲ

ਮੈਂ : ਹਾਂਜੀ, ਮੈਂ ਇੰਤਜਾਰ ਕਰਦੀ ਹਾਂ

## ਉਹਦੀਆਂ ਗੱਲਾਂ ਵਿਚ

ਮੈਨੂੰ ਆਪਣਾਪਣ ਝਲਕਦਾ ਹੈ।

ਐਦਾਂ ਲੱਗਦਾ ਹੈ

ਜਿਵੇਂ ਉਸਨਾਲ ਜਨਮਾਂ ਜਨਮਾਂ ਦਾ ਰਿਸ਼ਤਾ ਹੋਵੇ,

ਮੈਨੂੰ ਪਸੰਦ ਹੈ।

ਉਹਦੀਆਂ ਗੱਲਾਂ ਸੁਣਨਾ,

ਕਿਉਂਕਿ ਮੈਂ ਜਾਣਦੀ ਹਾਂ,

ਜਦ ਮੈਂ ਬੋਲਾਂਗੀ।

ਉਹ ਸੁਣੇਗਾ ਮੇਰੀਆਂ ਗੱਲਾਂ ਨੂੰ,

ਜਿਦਾਂ ਕੁਝ ਪਲ਼,

ਪਾਣੀ ਦਾ ਛਿੜਕਾਅ ਅੱਗ ਬੁਝਾ ਦੇਂਦਾ ਹੈ।

***



## 5

ਅੱਜ ਪਹਿਲੀ ਵਾਰ ਹੋਇਆ ਸੀ ਕਿ ਮੈਂ ਐਨੀ ਸ਼ਾਮ ਨੂੰ ਜੋ ਕੌਫ਼ੀ ਬਣਾ ਕੇ ਪੀਤੀ ਤੇ ਐਨੇ ਬਰੈੱਡ ਖਾਏ।ਸੱਚ ਦੱਸਾਂ ਹੁਣ ਮੇਰਾ ਦਿਲ ਕਹਿ ਰਿਹਾ ਹੈ ਕਿ ਦੋ ਪੈੱਗ ਲਾ ਸੌਂ ਜਾਵਾਂ, ਮੈਂ ਕਿਤਾਬ ਦਾ ਇੱਕ ਪਾਸੇ ਤੋਂ ਅੱਧਾ ਕੁ ਇੰਚ ਪੰਨਾ ਮੋੜ ਦਿੱਤਾ ਤਾਂ ਜੋ ਮੈਂ ਉਸਨੂੰ ਭੁੱਲ ਨਾ ਜਾਵਾਂ, ਕਿ ਮੈਂ ਕਿੱਥੋਂ ਤੀਕ ਪੜ ਲਈ, ਮੈਂ ਫਰਿੱਜ਼ ਪਿੱਛੋਂ ਮੈਜਿਕ ਮੂਮੈਂਟ ਦੀ ਬੋਤਲ ਕੱਡੀ ਤੇ ਇੱਕ ਲੇਜ ( ਚਿੱਪਸ ) ਦਾ ਪੈਕਿਡ ਸਟੱਡੀ ਟੇਬਲ ਤੇ ਰੱਖ ਸਵਾਦ ਨਾਲ ਦੋ ਮੋਟੇ ਮੋਟੇ ਪੈੱਗ ਲਾ ਲਏ, ਮੈਂ ਪੈੱਗ ਲਾ ਦੋ ਕੁ ਟੁਕੜੇ ਲੇਜ ਮੂੰਹ ਵਿੱਚ ਪਾਈ ਤੇ ਬੋਤਲ ਮੁੜ ਫਰਿੱਜ਼ ਵਿਚ ਰੱਖ ਦਿੱਤੀ। ਸ਼ੈਲਫ਼ ਤੇ ਪਏ ਲਾਈਟਰ ਨੂੰ ਚੁੱਕਿਆ ਤੇ ਪਹਿਲਾਂ ਵਾਂਗ ਸੌਫੇ ਉੱਪਰ ਜਾ ਡਿੱਗਿਆ ਜੋ ਮੇਰੀ ਆਦਤ ਬਣ ਚੁੱਕੀ ਹੈ, ਟੇਬਲ ਤੇ ਪਈ ਡੱਬੀ ਨੂੰ ਚੁੱਕਿਆ ਤੇ ਇੱਕ ਸਿਗਰਟ ਕੱਢ ਪੀਣੀ ਸ਼ੁਰੂ ਕੀਤੀ ਤੇ ਅੱਧੀ ਵਿੰਡੋ ਖੋਲ ਦੋਵੇਂ ਕੂਹਣੀਆਂ ਰੱਖ , ਅਸਮਾਨ ਵੱਲ ਵੇਖਦਾ, ਸਿਗਰਟ ਦਾ ਅਨੰਦ ਲੈਣ ਲੱਗਾ,ਹਵਾ ਏਦਾਂ ਚੱਲ ਰਹੀ ਸੀ, ਜਿਵੇਂ ਦੂਰ ਕਿਤੇ ਮੀਂਹ ਪੈ ਰਿਹਾ ਹੋਵੇ,ਠੰਢੀ ਠਾਰ... ਮੈਂ ਵਿੰਡੋ ਬੰਦ ਕੀਤੀ ਤੇ ਫੋਨ ਨੂੰ ਚਾਰਜਰ ਤੋਂ ਉਤਾਰ ਸਿਰਹਾਣੇ ਰੱਖ ਲਿਆ ਤੇ ਲਾਈਟ ਬੰਦ ਕਰ ਲਈ, ਮੇਰੀਆਂ ਅੱਖਾਂ ਮਿਚ ਰਹੀਆਂ ਸਨ, ਮੈਂ ਟਾਇਮ ਵੇਖਿਆ ,ਨੌ ਵੱਜ ਕੇ ਸੱਤ ਮਿੰਟ ਹੋਏ ਸਨ, ਮੈਂ ਫ਼ੋਨ ਦੀ ਰਿੰਗ ਚੈੱਕ ਕੀਤੀ ਤੇ ਖ਼ੁਦ ਗੂੜ੍ਹੀ ਨੀਂਦਰ ਵਿਚ ਚਲਾ ਗਿਆ।

ਖ਼ੂਨ ਦੇ ਛਿੱਟੇ ਤਪਕ ਤਪਕ ਡੁੱਲ ਰਹੇ ਨੇ,ਸਾਰੀ ਧਰਤੀ ਦਾ ਸੰਤੁਲਨ ਵਿਗੜਿਆ ਹੋਇਆ ਹੈ। ਮੈਂ ਉਸ ਜਗਾਹ ਤੇ ਮੌਤ ਤੇ ਸਾਹਾਂ ਨਾਲ਼ ਲੜ ਰਿਹਾ ਹਾਂ, ਜਿਥੇ ਦੁਨੀਆਂ ਦਾ ਅੰਤ ਹੁੰਦਾ ਹੈ।ਜਿਸ ਤੋਂ ਅੱਗੇ ਦੁਨੀਆਂ ਖ਼ਤਮ ਹੈ।ਘੋਰ ਹਨੇਰਾ ਹੈ ਐਦਾਂ ਸਮਝ ਲਵੋ ਕਿ ਜੇ ਇੱਥੋਂ ਡਿੱਗਿਆ ਤਾਂ ਹਜ਼ਾਰਾਂ ਸਾਲ ਤੀਕ ਹਵਾ ਵਿੱਚ ਡਿੱਗਦਾ ਹੀ ਜਾਵਾਂਗਾ,ਪਰ ਉਸ ਤੋਂ ਪਹਿਲਾਂ ਹੀ ਐਨੀ ਤੇਜ਼ਧਾਰ ਹਵਾ ਮੇਰੇ ਟੁੱਕੜੇ ਟੁੱਕੜੇ ਕਰ ਦੇਵੇਗੀ। ਮੈਂ ਇੱਕ ਹੱਥ ਛੁੱਟ ਚੁੱਕਾ ਹੈ।ਜੇਕਰ ਮੈਨੂੰ ਕੋਈ ਸੰਭਾਲਣ ਨਾ ਆਇਆ ਤਾਂ ਹੋ ਸਕਦਾ ਹੈ। ਇਹ ਮੌਤ ਇਸ ਖੇਡ ਨੂੰ ਜਿੱਤ ਜਾਵੇ, ਆਵਾਜ਼ ਆ ਰਹੀ ਹੈ,ਉਏ ਬਾਂਦਰਾਂ ਤੈਨੂੰ ਸੁਣਦਾ ਨੀਂ ਮੈਂ ਬੋਲ ਮਾਰ ਰਹੀ ਆਂ, ਕਿੰਨੇ ਟਾਇਮ ਦੀ, ਇੱਕ ਗੋਲ ਮਟੋਲ ਜਿਹੇ ਮੂੰਹ ਵਾਲ਼ੀ ਕੁੜੀ ਨੇ ਮੇਰੇ ਅੱਗੇ ਹੱਥ ਵਧਾਇਆ ਤੇ ਮੈਂ ਸਾਹਾਂ ਦੀ ਜੰਗ ਜਿੱਤ ਗਿਆ,ਅਜੇ ਉਸਦਾ ਮੂੰਹ ਵੇਖਣ ਹੀ ਲੱਗਾ ਸੀ ਕਿ ਫ਼ੋਨ ਦੀ ਰਿੰਗ ਵੱਜਣ ਲੱਗੀ।

ਐਲੀਸਾ ਇਜ ਕਾਲਿੰਗ

ਮੈਂ ਫ਼ੋਨ ਨੂੰ ਕੱਟ ਕੀਤਾ ਤੇ ਡਾਟਾ ਆਨ ਕਰਦੇ ਸਾਰ ਹੀ ਵੇਖਿਆ ਉਹਦੇ ਪੰਦਰਾਂ ਸੋਲਾਂ ਮੈਸਜ਼ ਆ ਚੁੱਕੇ ਸਨ। ਗਿਆਰਾਂ ਵੱਜ ਕੇ ਇੱਕ ਮਿੰਟ ਹੋ ਗਿਆ ਸੀ।

ਐਲੀਸਾ : ਸੌਂ ਗਏ ਸੀ।
ਮੈਂ : ਨਹੀਂ ਸੋਇਆ ਨਹੀਂ,ਬਸ ਸੋਚ ਰਿਹਾ ਸੀ

ਐਲੀਸਾ : ਕੀ ਸੋਚ ਰਹੇ ਸੀ।

ਮੈਂ : ਕੁਝ ਨਹੀਂ ਐਦਾਂ ਹੀ

ਐਲੀਸਾ : ਮਰਜ਼ੀ ਆ

ਮੈਂ : ਹਾਂ ਸੌਂ ਗਿਆ ਸੀ।

ਐਲੀਸਾ : ਪਤਾ ਸੀ ਮੈਨੂੰ, ਹੁਣ ਵੀ ਨੀਂਦ ਆ ਰਹੀ ਆ...??

ਮੈਂ : ਨਹੀਂ, ਬਿਲਕੁਲ ਵੀ ਨਹੀਂ

ਐਲੀਸਾ : ਪਤਾ ਅੱਜ ਮੈਂ ਬਹੁਤ ਖੁਸ਼ ਆਂ

ਮੈਂ : ਕਿਉਂ ਇਹੋ ਜਿਹਾ ਕੀ ਹੋ ਗਿਆ, ਮੈਨੂੰ ਵੀ ਦੱਸ ਦੇਵੋ

ਐਲੀਸਾ : ਅੱਜ ਮੈਂ ਆਪਣੀ ਇੱਕ ਬਹੁਤ ਪੁਰਾਣੀ ਫਰੈਂਡ ਨੂੰ ਮਿਲ਼ੀ, ਸੱਚੀ ਮੈਨੂੰ ਬਹੁਤ ਖੁਸ਼ੀ ਮਿਲ਼ੀ ਉਸਨੂੰ ਮਿਲ਼ ਕੇ

ਮੈਂ : ਵਧੀਆ ਗੱਲ ਹੈ

ਐਲੀਸਾ : ਹੋਰ ਸੁਣਾਓ ਕੋਈ ਗੱਲ ਬਾਤ, ਮੈਂ ਤੁਹਾਨੂੰ ਇੱਕ ਪੰਜਾਬੀ ਗੀਤ ਭੇਜਿਆ ਸੀ।ਕੀ ਸੁਣ ਲਿਆ ਸੀ ਤੁਸੀਂ

ਮੈਂ : ਹਾਂਜੀ, ਬਹੁਤ ਸੋਹਣਾ ਲੱਗਦਾ ਮੈਨੂੰ ਵੀ, ਮੈਂ ਕਈ ਵਾਰ ਪਹਿਲਾਂ ਵੀ ਸੁਣਿਆ ਹੈ।

ਕਿੰਨਾਂ ਚਿਰ ਐਦਾਂ ਹੀ ਨਿੱਕੀਆਂ ਨਿੱਕੀਆਂ ਗੱਲਾਂ ਚੱਲਦੀਆਂ ਰਹੀਆਂ,ਅੱਧਾ ਕੁ ਘੰਟਾ ਗੱਲ ਹੋਈ ਹੋਣੀ, ਮੈਂ ਕੁਝ ਦੱਸਣ ਹੀ ਲੱਗਾ ਸੀ।ਕਿ ਉਸਨੇ ਕਹਿ ਦਿੱਤਾ ਬਾਏ

ਮੈਂ : ਬਾਏ, ਸਵੀਟ ਡ੍ਰੀਮ,ਟੇਕ ਕੇਅਰ

ਐਲੀਸਾ : ਤੁਹਾਨੂੰ ਜ਼ਿਆਦਾ ਲੋੜ ਹੈ। ਬਾਏ

ਮੈਂ : ਬਾਏ

ਐਲੀਸਾ : ਹੋ ਸਕਦਾ ਹੈ, ਮੈਂ ਅੱਜ ਤੋਂ ਬਾਅਦ ਕਦੇ ਮੈਸਜ਼ ਨਾ ਕਰਾਂ

ਮੇਰੇ ਦਿਲ ਦੀ ਧੜਕਣ ਤੇਜ਼ ਹੋ ਗਈ।

ਮੈਂ : ਕਿਉਂ, ਮੈਂ ਕੁਝ ਗ਼ਲਤ ਬੋਲਿਆ, ਕਿਉਂ ਨਹੀਂ ਕਰਨੀ ਗੱਲ

ਐਲੀਸਾ : ਬਸ ਏਵੇਂ ਹੀ,ਜੇ ਤੁਸੀਂ ਕੁਝ ਕਹਿਣਾ ਹੈ ਜਾਂ ਕੁਝ ਦੱਸਣਾ ਪੁੱਛਣਾਂ ਹੈ ਤਾਂ ਪੁੱਛ ਸਕਦੇ ਹੋ।

ਮੈਨੂੰ ਐਦਾਂ ਲੱਗਾ ਜਿਵੇਂ ਉਸਨੂੰ ਪਤਾ ਲੱਗ ਗਿਆ ਹੋਵੇ ਕਿ ਮੈਂ ਉਸਨੂੰ ਲਾਈਕ ਕਰਨ ਲੱਗਾ ਹਾਂ ਤੇ ਉਹ ਜਾਣ ਬੁੱਝ ਇਹ ਗੱਲ ਕਹਿ ਰਹੀ ਹੋਵੇ, ਉਹਨੂੰ ਏਵੇਂ ਸੀ ਕਿ ਮੈਂ ਆਪਣੇ ਦਿਲ ਦੀ ਗੱਲ ਬੋਲ ਦੇਵਾਂ, ਪਰ ਡਰ ਲੱਗਦਾ ਸੀ ਕਿਤੇ ਕੁਝ ਗ਼ਲਤ ਨਾ ਹੋ ਜਾਵੇ

ਮੈਂ : ਬਸ ਉਡੀਕ ਕਰਾਂਗਾ,ਹੋ ਸਕਿਆ ਤਾਂ ਮੈਸਜ਼ ਕਰ ਲੈਣਾਂ

ਐਲੀਸਾ : ਨਹੀਂ ਮਤਲਬ ਨਹੀਂ, ਸੁਣਿਆ ਨਹੀਂ

ਮੈਂ : ਜੀ , ਬਾਏ

ਐਲੀਸਾ : ਬਾਏ

ਮੈਂ ਕਿੰਨਾ ਚਿਰ ਐਲੀਸਾ ਬਾਰੇ ਸੋਚਦਾ ਰਿਹਾ, ਮੈਂ ਕਦੇ ਏਧਰ ਪਾਸਾ ਲੈਂਦਾ ਕਦੇ ਓਧਰ, ਮੈਂ ਜਦੋਂ ਵੀ ਅੱਖਾਂ ਬੰਦ ਕਰਦਾ, ਮੈਨੂੰ ਐਲੀਸਾ ਦੀ ਖਬਾਬੀ ਤਸਵੀਰ ਨਜ਼ਰ ਆਉਂਦੀ, ਮੇਰੇ ਸਭ ਕੁਝ ਵੱਸੋਂ ਬਾਹਿਰ ਹੁੰਦਾ ਜਾ ਰਿਹਾ ਸੀ। ਇੱਕ ਚਿੱਤ ਕਰ ਰਿਹਾ ਸੀ ਕਿ ਐਲੀਸਾ ਨੂੰ ਫ਼ੋਨ ਲਾ ਕੇ ਸਭ ਦੱਸ ਦੇਵਾਂ,ਪਰ ਫ਼ੇਰ ਸੋਚਦਾ ਉਹਨੇ ਜੇ ਇਹ ਕਹਿ ਦਿੱਤਾ ਕਿ

ਮਿਲਣਾਂ ਤਾਂ ਦੂਰ ਆਪਾਂ ਤਾਂ ਕਦੇ ਇੱਕ ਦੂਸਰੇ ਨੂੰ ਵੇਖਿਆ ਨੂੰ ਵੀ ਨਹੀਂ, ਫ਼ੇਰ ਪਿਆਰ ਕਿਦਾਂ ਹੋ ਗਿਆ , ਮੈਂ ਆਪਣੇ ਅੰਦਰ ਕਿੰਨੇ ਹੀ ਸਵਾਲ ਬੁਣਦਾ ਤੇ ਉਲਝਾਉਦਾ ਰਿਹਾ, ਅਖ਼ੀਰ ਆਪੈ ਹੀ ਪਾਸੇ ਪੂਸੇ ਮਾਰ ਨੀਂਦ ਆ ਗਈ।

***



# 6

ਮੇਰੇ ਪਿਆਰ ਦੀ ਕਹਾਣੀ
ਇਸ ਤਰ੍ਹਾਂ ਹੈ।
ਮਾਰੂਥਲ ਵਿੱਚ ਰੇਤ
ਜਿਸ ਤਰ੍ਹਾਂ ਹੈ।

ਹੈਵਨ : ਹੈਲੋ

ਮੈਂ : ਹਾਂਜੀ, ਦੱਸੋ ਜੀ।, ਵੈਸੇ ਕਿੱਥੇ ਚੱਲ ਗਏ ਸੀ।

ਹੈਵਨ : ਕੁਝ ਨਹੀਂ ਵੱਸ, ਕੋਈ ਆ ਗਿਆ ਸੀ।

ਮੈਂ : ਜੀ।ਅੱਗੇ ਦੱਸੋ ਕੀ ਹੋਇਆ ,ਕੀ ਤੁਸੀਂ ਮਿਲੇ ਫ਼ੇਰ ਪਨੂ ਨੂੰ

ਹੈਵਨ : ਹਾਂਜੀ, ਮੈਂ ਉਹ ਸਾਰਾ ਦਿਨ ਘੜੀ ਵੱਲ ਵੇਖ ਵੇਖ ਕੇ ਕੱਢਿਆ, ਮੈਨੂੰ ਮਿੰਟ ਮਿੰਟ ਲੰਘਾਉਣਾ ਔਖਾ ਹੋ ਰਿਹਾ ਸੀ। ਮੈਂ ਛੇ ਵਜੇ ਹੀ ਉਸ ਪਾਰਕ ਵਿਚ ਪਹੁੰਚ ਕੇ ਉਸਦਾ ਇੰਤਜ਼ਾਰ ਕਰਨ ਲੱਗਾ।

ਮੈਂ : ਕੀ ਉਹ ਆਈ

ਹੈਵਨ : ਹਾਂਜੀ,ਉਹ ਆਪਣੇ ਦਿੱਤੇ ਟਾਈਮ ਤੇ ਆਈ,ਪਰ ਦੁੱਖਦਿਲੀ ਦੀ ਖ਼ਬਰ ਇਹ ਸੀ ਕਿ ਉਸਦੀ ਮਤਰੇਈ ਮਾਂ ਦੀ ਕੱਲ੍ਹ ਰਾਤ ਡੈੱਥ ਹੋ ਚੁੱਕੀ ਸੀ।

ਮੈਂ : ਸੋ ਸੈਡ

ਹੈਵਨ : ਬਸ ਉਸਨੇ ਮੈਨੂੰ ਐਨਾ ਹੀ ਦੱਸਿਆ ਤੇ ਉਹ ਚੱਲੀ ਗਈ, ਮੈਂ ਉਸਨੂੰ ਥੋੜ੍ਹਾ ਬਹੁਤ ਆਪਣੇ ਹਿਸਾਬ ਨਾਲ ਸਮਝਾਉਣ ਦੀ ਕੋਸ਼ਿਸ਼ ਵੀ ਕੀਤੀ,ਪਰ ਉਸਨੇ ਕਿਹਾ ਕਿ ਉਹ ਠੀਕ ਹੈ।ਪਰ ਉਸਦੀਆਂ ਅੱਖਾਂ ਦੀ ਲਾਲੀ ਦੱਸ ਰਹੀ ਸੀ ਕਿ ਉਸ ਨੂੰ ਕਿੰਨਾਂ ਜ਼ਿਆਦਾ ਦੁੱਖ ਹੈ। ਮੈਂ ਉਸਨੂੰ ਬਹੁਤੀ ਚੰਗੀ ਤਰ੍ਹਾਂ ਨਹੀਂ ਸੀ ਜਾਣਦਾ,ਇਸ ਲਈ ਮੈਂ ਉਸਨੂੰ ਜ਼ਿਆਦਾ ਫੌਰਸ ਨਾ ਕੀਤਾ,ਪਰ ਉਹ ਜਾਂਦੀ ਜਾਂਦੀ ਆਪਣਾ ਨੰਬਰ ਲਿਖ ਕੇ ਦੇ ਗਈ। ਉਸਤੋਂ ਬਾਅਦ ਸਾਡੀ ਫ਼ੋਨ ਤੇ ਗੱਲ ਹੋਣ ਲੱਗੀ, ਅਸੀਂ ਹਰ ਹਫ਼ਤੇ ਵਿਚ ਇੱਕ ਦੋ ਵਾਰ ਜਰੂਰ ਮਿਲ਼ਦੇ, ਮੈਨੂੰ ਐਦਾਂ ਲੱਗਿਆ ਕਿ ਉਹ ਮੈਨੂੰ ਪਿਆਰ ਕਰਨ ਲੱਗੀ ਹੈ,ਇਸ ਲਈ ਉਸਦੇ ਜਨਮ ਦਿਨ ਵਾਲੇ ਦਿਨ ਮੈਂ ਉਸਨੂੰ ਪ੍ਰਪੋਜ਼ ਕਰ ਦਿੱਤਾ,ਪਰ ਉਸਨੇ ਕਿਹਾ ਕਿ ਉਸਨੇ ਕਦੇ ਵੀ ਅਜਿਹਾ ਕੁਝ ਨਹੀਂ ਸੋਚਿਆ ਉਹ ਮੇਰੇ ਨਾਲ਼ ਹਮੇਸ਼ਾ ਰਹਿਣਾ ਚਾਹੁੰਦੀ ਹੈ ਪਰ ਇੱਕ ਦੋਸਤ ਬਣਕੇ, ਮੈਂ ਉਸਦੀ ਗੱਲ ਤੋਂ ਇਨਕਾਰ ਨਾ ਸਕਿਆ, ਤਕਰੀਬਨ ਛੇ ਮਹੀਨੇ ਅਸੀਂ ਦੋਵੇਂ ਪੂਰੇ ਪੱਕੇ ਦੋਸਤ ਬਣਕੇ ਰਹੇ,ਪਰ ਫ਼ੇਰ ਉਸਨੇ ਮੈਨੂੰ ਇਗਨੋਰ ਕਰਨਾ ਸ਼ੁਰੂ ਕਰ ਦਿੱਤਾ, ਮੈਨੂੰ ਉਸ ਉੱਪਰ ਆਪਣੇ ਤੋਂ ਜ਼ਿਆਦਾ ਵਿਸ਼ਵਾਸ਼ ਸੀ।ਜਿਸ ਕਰਕੇ ਮੈਂ ਸ਼ੱਕ ਪੈਦਾ ਹੀ ਨਾ ਹੋਣ ਦਿੱਤਾ, ਫ਼ੇਰ ਕੀ ਹੋਇਆ ਇੱਕ ਦਿਨ ਉਸਦਾ ਮੈਸਜ਼ ਆਇਆ, ਜਿਸ ਵਿਚ ਕਾਫ਼ੀ ਕੁਝ ਇੱਕੋ ਸਾਹ ਲਿਖਿਆ ਹੋਇਆ ਸੀ। ਮੁੱਕਦੀ ਗੱਲ ਇਹ ਸੀ ਕਿ ਉਹ ਮੇਰੇ ਨਾਲ਼ ਹੁਣ ਗੱਲ ਨਹੀਂ ਕਰ ਸਕਦੀ। ਇਸਦੀ ਵਜਾਹ ਇਹ ਸੀ ਕਿ ਉਸਦੀ ਜ਼ਿੰਦਗੀ ਵਿਚ ਕੋਈ ਹੋਰ ਆ ਚੁੱਕਾ ਸੀ। ਮੇਰੇ ਕੋਲ਼ ਸਵਾਲ ਬਹੁਤ ਸਨ। ਪਰ ਜਿੰਨਾਂ ਦਾ ਉੱਤਰ ਸਿਰਫ਼ ਮੈਂ ਖ਼ੁਦ ਸੀ। ਉਸਦੀ ਕੋਈ ਗ਼ਲਤੀ ਨਹੀਂ ਸੀ। ਸ਼ਾਇਦ ਮੈਨੂੰ ਹੀ ਪਿਆਰ ਨਹੀਂ ਕਰਨਾ

ਆਇਆ, ਉਹ ਮੇਰੀ ਜਿੰਦਗੀ ਵਿੱਚ ਪਹਿਲੀ ਤੇ ਆਖ਼ਰੀ ਕੁੜੀ ਸੀ। ਜਿਸਦਾ ਆਖਰੀ ਮੈਸਜ਼ ਸੀ।

ਕਿਰਪਾ ਕਰਕੇ ਮੈਨੂੰ ਮੈਸਜ਼ ਨਾ ਕਰਿਓ, ਮੈਂ ਕਿਸੇ ਹੋਰ ਨੂੰ ਪਸੰਦ ਕਰਦੀ ਹਾਂ ਤੇ ਵਿਆਹ ਵੀ ਉਸੇ ਨਾਲ ਹੀ ਕਰਵਾਵਾਂਗੀ। ਮੇਰੀਆਂ ਤਸਵੀਰਾਂ ਡਿਲੀਟ ਕਰ ਦੇਣਾ, ਮੈਂ ਖੁਸ਼ ਹਾਂ, ਮੈਂ ਉਹਦੇ ਨਾਲ ਬਹੁਤ ਸੁਪਨੇ ਵੇਖੇ ਨੇ,ਜੋ ਮੈਂ ਪੂਰੇ ਕਰਨੀਂ ਚਾਹੁੰਦੀ ਹਾਂ, ਉਹਨੂੰ ਇਹ ਚੰਗਾ ਨਹੀਂ ਲੱਗਦਾ ਕਿ ਮੈਂ ਤੁਹਾਡੇ ਨਾਲ਼ ਗੱਲ ਕਰਾਂ, ਹੁਣ ਵੀ ਮੈਂ ਉਸਨੂੰ ਦੱਸ ਕੇ ਹੀ ਗੱਲ ਕਰ ਰਹੀਂ ਹਾਂ, ਮੈਨੂੰ ਪਤਾ ਤੁਸੀਂ ਸਮਝ ਗਏ ਹੋਵੋਗੇ। ਮੈਂ ਤੁਹਾਨੂੰ ਬਲੌਕ ਕਰ ਰਹੀਂ ਹਾਂ, ਉਸਤੋਂ ਬਾਅਦ ਉਸਦਾ ਕੋਈ ਮੈਸਜ਼ ਨਹੀਂ ਆਇਆ

ਮੈਂ : ਕਮਾਲ ਹੈ ਯਰ,ਇਹ ਕਿਦਾਂ ਦੀ ਕੁੜੀ ਸੀ।ਜੇ ਮੈਂ ਹੁੰਦੀ ਉਸਦੀ ਜਗਾਹ ਤੇ ਤਾਂ ਕਦੇ ਨਾ ਛੱਡਦੀ ਤੁਹਾਨੂੰ

ਹੈਵਨ : ਸੱਚ ਦੱਸਾਂ, ਮੈਂ ਅੱਜ ਵੀ ਉਸਦੀ ਉਡੀਕ ਕਰਦਾਂ ਹਾਂ, ਮੈਨੂੰ ਏਦਾਂ ਲੱਗਦਾ ਹੈ,ਉਹ ਅੱਜ ਵੀ ਵਾਪਿਸ ਆਵੇਗੀ ਤੇ ਕਹੇਗੀ, ਮੈਂ ਮਜ਼ਾਕ ਕਰਦੀ ਸਾਂ,ਪਰ ਮੈਨੂੰ ਪਤਾ ਹੈ ਉਸਨੇ ਕਦੇ ਵਾਪਿਸ ਨਹੀਂ ਆਉਣਾ, ਫ਼ੇਰ ਮੈਂ ਲਿਖਿਆ ਸੀ।

ਮੁਹੱਬਤ ਪ੍ਰਸ਼ਾਦ ਵਰਗੀ ਚੀਜ਼ ਹੈ ਕੋਈ
ਜਿਦਾਂ ਸੂਹੇ ਅੱਖਰ ਲਿਖਦਾ ਹੈ।
ਕਿ ਸਾਰੇ ਪਤਾਸੇ ਇੱਕੋ ਜਿਹੇ ਨੇ
ਤੂੰ ਯਾਦ ਰੱਖੀਂ, ਮੈਂ ਵੀ ਕੋਈ ਪਤਾਸਾ ਹੀ ਹਾਂ,

ਜਿਸ ਦੀ ਤੈਨੂੰ ਪਹਿਚਾਣ ਨਹੀਂ ਆਈ ਕਿ
ਇਹ ਪ੍ਰਸ਼ਾਦ ਦਾ ਹਿੱਸਾ ਹੈ।
ਤੂੰ ਇੱਕ ਪਤਾਸਾ ਸਮਝ
ਸੁੱਟ ਦਿੱਤਾ।

ਅੱਜ ਸਮਾਂ ਬਦਲ ਰਿਹਾ ਹੈ।
ਪਹਿਲਾਂ ਸੀ ਕਿ
ਜਵਾਕ ਚਾਈ ਚਾਈ ਭੱਜਦੇ ਸਨ।
ਪਤਾਸਿਆਂ ਲਈ
ਪਰ ਹੁਣ ਵੇਖਦੇ ਸਾਰ ਹੀ
ਮੂੰਹ ਪਰਾਂ ਕਰ ਲੈਂਦੇ ਨੇ,
ਜਿਵੇਂ ਤੂੰ ਕਰ ਲੈਂਦੀ ਹੈ।
ਮੈਨੂੰ ਵੇਖਦੇ ਸਾਰ

ਸੱਚ ਤੂੰ ਵੀ ਤੇ
ਇੱਕ ਜਵਾਕ ਹੀ ਹੈ।
ਤਾਹੀਂ ਤਾਂ ਸੁੱਟ ਦਿੱਤਾ
ਇੱਕ ਜਵਾਕ ਸਮਝ ਕੇ,
ਮੈਨੂੰ ਪ੍ਰਸ਼ਾਦ ਜਿਹੇ ਨੂੰ

ਕਿੰਨਾ ਦਰਦਦੇਹ ਹੁੰਦਾ,

ਹਨਾਂ...!!

ਮੁਹੱਬਤ ਦਾ ਦਰਦ ਦੇਹ ਹੋਣਾ,

ਮੈਨੂੰ ਕਦੇ ਕਦੇ ਲਗਦਾ.

ਮੁਹੱਬਤ...!!!

ਦਰਦ ਦਾ ਨਾਮ ਹੀ ਹੈ।

ਤੈਨੂੰ ਨਹੀਂ ਲੱਗਦਾ

ਮੈਂ ਸਹੀ ਸੋਚਦਾ ਹਾਂ।

ਪਰ ਕੀ ਫ਼ਰਕ ਪੈਂਦਾ ਹੈ

ਮੇਰੇ ਸੋਚਣ ,ਨਾ ਸੋਚਣ ਨਾਲ਼

ਆਪਾਂ ਮਰ ਜਾਣਾਂ ਹੈ।

ਏਦਾਂ ਹੀ

ਇੱਕ ਦੂਜੇ ਨੂੰ ਬਿਨਾਂ ਵੇਖੇ,

ਬਿਨਾਂ ਮਿਲ਼ੇ,

ਮੈਂ ਇਨਕਾਰ ਕਰਦਾ ਹਾਂ।

ਕਿ ਮੈਂ ਮੁਹੱਬਤ ਕੀਤੀ ਸੀ।

ਮੈਂ ਆਪਣੇ ਰਿਸ਼ਤੇ ਨੂੰ

ਇੱਕ ਅਣਗਿਹਲੀ ਸਮਝ ਕੇ

ਭੁੱਲਣਾ ਚਾਹੁੰਦਾ ਹਾਂ,

~


ਮੈਂ : ਬਹੁਤ ਸੋਹਣਾ ਲਿਖਿਆ ਹੈ।

ਹੈਵਨ : ਸ਼ੁਕਰੀਆ ਜੀ।

ਮੈਂ : ਆਪਾਂ ਕੱਲ੍ਹ ਗੱਲ ਕਰਦੇ ਹਾਂ,ਰਾਤ ਹੋ ਚੁੱਕੀ ਹੈ।ਸਵਾਲ ਬਹੁਤ ਨੇ, ਉਮੀਦ ਕਰਦੀ ਹਾਂ, ਆਪਾਂ ਜਲਦ ਮਿਲ਼ੀਏ

ਹੈਵਨ : ਜੀ ਜਰੂਰ

***



# 7

ਮੈਂ ਫ਼ੇਰ ਕਿਤਾਬ ਦਾ ਕੱਲ ਵਾਂਗ ਪੰਨਾ ਮੋੜ ਦਿੱਤਾ,ਮੈਂ ਸਵੇਰੇ ਸਵੇਰੇ ਕਿਤਾਬ ਇਸ ਲਈ ਪੜ੍ਹੀ, ਕਿਉਂਕਿ ਮੇਰੀ ਅੱਖ ਖੁੱਲ੍ਹਦੀ ਸਾਰ ਹੀ ਮੇਰੇ ਦਿਮਾਗ਼ ਵਿਚ ਐਲੀਸਾ, ਘੁੰਮ ਰਹੀ ਸੀ। ਬੇਸ਼ੱਕ ਸਾਡੀ ਸਾਰਾ ਦਿਨ ਗੱਲ ਨਹੀਂ ਸੀ ਹੁੰਦੀ,ਕੋਈ ਬਹੁਤਾ ਟਾਇਮ ਵੀ ਨਹੀਂ ਸੀ।ਹੁੰਦੀ ਪਰ ਫ਼ੇਰ ਮੈਨੂੰ ਉਸਦੀ ਆਦਤ ਪੈ ਚੁੱਕੀ ਸੀ। ਮੇਰੇ ਲਈ ਪਲ਼ ਪਲ਼ ਕੱਢਣਾਂ ਔਖਾ ਹੋ ਰਿਹਾ ਸੀ।ਮੇਰਾ ਉੱਚੀ ਉੱਚੀ ਰੋਣ ਨੂੰ ਦਿਲ ਕਰ ਰਿਹਾ ਸੀ। ਮੈਂ ਚਾਹ ਬਣਨੀ ਧਰ ਦਿੱਤੀ ਤੇ ਫ਼ੇਰ ਐਲੀਸਾ ਬਾਰੇ ਸੋਚਣ ਲੱਗਾ,ਪਤਾ ਨਹੀਂ ਕਿਉਂ ਉਹ ਭੁੱਲ ਹੀ ਨਹੀਂ ਰਹੀ, ਚਾਹ ਬਾਹਿਰ ਨਿਕਲ ਨਿਕਲ ਕੇ ਕਮਲ਼ੀ ਹੋ ਗਈ ਸੀ। ਮੇਰਾ ਹਲ਼ਕਾ ਹਲ਼ਕਾ ਸਿਰ ਦਰਦ ਕਰਨ ਲੱਗ ਗਿਆ ਸੀ। ਮੈਨੂੰ ਲੱਗਾ ਚਾਹ ਪੀਣ ਤੋਂ ਬਾਅਦ ਹੱਟ ਜਾਵੇਗਾ ਪਰ ਨਹੀਂ, ਸਿਰ ਹੋਰ ਜ਼ਿਆਦਾ ਦਰਦ ਕਰਨ ਲੱਗ ਗਿਆ,ਮੇਰਾ ਕੰਮ ਕਰਨ ਨੂੰ ਵੀ ਬਿਲਕੁਲ ਦਿਲ ਨਹੀਂ ਸੀ ਕਰ ਰਿਹਾ,ਬਾਹਿਰ ਹਲਕੀ ਹਲਕੀ ਬਾਰਿਸ਼ ਹੋ ਰਹੀ ਸੀ। ਬਾਰਿਸ਼ ਨਹੀਂ ਕਹਿ ਸਕਦੇ ਭੂਰ ਕਹਿ ਲਵੋ। ਮੈਂ ਕਾਪੀ ਚੁੱਕੀ ਕੁਝ ਲਿਖਣਾ ਸ਼ੁਰੂ ਕੀਤਾ

ਸਵੇਰ ਦੇ ਚਾਰ ਵੱਜੇ ਸੀ।
ਪਤਾ ਨਹੀਂ ਕਿਉਂ ਅੱਖ ਖੁੱਲ੍ਹ ਗਈ,
ਤੇਰੀ ਤਸਵੀਰ ਨਾ ਚਾਹੁੰਦੇ ਵੀ

ਅੱਖਾਂ ਅੱਗੇ ਘੁੰਮਣ ਲੱਗੀ।

ਇਹ ਉਹ ਵੇਲਾ ਹੈ।
ਜਦੋ ਕੋਈ ਸਾਧ ਧਿਆਨ ਧਰਦਾ ਹੈ।
ਇਹ ਉਹ ਵੇਲਾ ਹੈ।
ਜਦੋਂ ਕੋਈ ਕਵੀ
ਕਵਿਤਾ ਲਿਖਦਾ ਹੈ।
ਵੇਖ ਇੱਕ ਮੈਂ ਹਾਂ
ਜੋ ਉਹਦੇ ਬਾਰੇ ਸੋਚਣ ਲੱਗਾ ਹਾਂ।
ਜਿਹਨੇ ਕਿੰਨੇ ਮਹੀਨੇ ਬੀਤ ਗਏ
ਮੇਰੇ ਬਾਰੇ ਇਕ ਵਾਰ ਵੀ ਨਹੀਂ ਸੋਚਿਆ

ਚੰਗਾ ਦਰਦ ਦੇਂਦੀ ਹੈ।
ਇਹ ਮੁਹੱਬਤ,
ਪਰ ਫ਼ੇਰ ਵੀ ਮੋਹ ਆਉਂਦਾ ਹੈ
ਸ਼ਾਇਦ ਤਾਂ ਹੀ ਮੁਹੱਬਤ ਹੈ।

ਮੈਂ ਪੁੱਛਣਾਂ ਚਾਹੁੰਦਾ ਹਾਂ,
ਕਿ ਮੇਰੀ ਉਡੀਕ ਦਾ ਸਿਰਾ ਹੈ ਕੋਈ...
ਜਾਂ ਇਹ ਵੀ ਡੁੱਬ ਜਾਵੇਗੀ।
ਉਹਨਾਂ ਵਾਂਗ

ਜਿਹਨਾਂ ਵਾਂਗ ਮੇਰੇ
ਨਿੱਕੇ ਨਿੱਕੇ ਸੁਪਨੇ ਡੁੱਬ ਗਏ ਸੀ।

ਮੈਂ ਬਹੁਤ ਕੋਸ਼ਿਸ਼ ਕਰੀ।
ਕਿਸੇ ਵਿੱਚੋਂ ਤੈਨੂੰ ਲੱਭਣ ਦੀ,
ਜਿੰਨੀਂ ਵਾਰ ਵੀ ਕੋਸ਼ਿਸ਼ ਕੀਤੀ
ਮੈਂ ਖ਼ੁਦ ਕੋਲ਼ ਪਹੁੰਚ ਗਿਆ।

ਕਈ ਹਫਤੇ ਪਹਿਲਾਂ
ਇੱਕ ਕੁੜੀ ਆਈ।
ਜਵਾਂ ਤੇਰੇ ਵਰਗੀਆਂ ਗੱਲਾਂ
ਜਵਾਂ ਤੇਰੇ ਵਰਗੀ,
ਸੂਰਤ ਵਿਚ ਵੀ
ਸੀਰਤ ਵਿਚ ਵੀ
ਗੱਲਾਂ ਵਿਚ ਵੀ
ਵੇਖਣ ਵਿਚ ਵੀ

ਮੇਰੇ ਤੋਂ ਕਿਹਾ ਗਿਆ
ਕਿ ਤੂੰ ਉਹੀ ਹੈਂ
ਜਿਸਦੀ ਮੈਂ ਉਡੀਕ
ਕਰਦਾ ਸੀ।

ਉਹਨੇ ਕੁਝ ਨਾ ਕਿਹਾ
ਮੈਨੂੰ ਕਹਿੰਦੀ
ਮੇਰੀਆਂ ਅੱਖਾਂ ਵਿਚ ਵੇਖ
ਮੈਂ ਵੇਖਿਆ
ਉਹ ਬੋਲੀ
ਮੈਂ ਉਹ ਨਹੀਂ ਹਾਂ
ਪਰ ਤੂੰ ਜੋ ਮਰਜ਼ੀ ਸਮਝ ਲੈ

ਮੈਂ ਡੁੱਬ ਗਿਆ
ਚੂਲੀ ਭਰ ਵਿਚ

ਮੇਰਾ ਦਿਲ ਕੀਤਾ
ਮੈਂ ਜਵਾਕਾਂ ਵਰਗਾ ਬਣ ਜਾਵਾਂ,
ਮੰਨ ਲਵਾਂ
ਇਹ ਉਹੀ ਆ,
ਮਾਂ ਪਾਸਾ ਬਦਲ ਤੇ ਵਿਖਾ ਦੇਵੇ,
ਆ ਵੇਖ ਆ ਉਹੀ ਆ
ਜਿਦਾਂ ਨਿੱਕੇ ਹੁੰਦੇ
ਕਿਸੇ ਖਿਡੌਣੇ ਨੂੰ ਆਪਣਾ
ਮੰਨ ਲੈਂਦੇ ਸੀ।

ਉਹਨਾਂ ਬਾਰੇ ਲਿਖਣਾਂ,
ਜਿਹਨਾਂ ਨੇ ਪੜ੍ਹਨਾ ਨਹੀਂ
ਸਭ ਤੋਂ ਵੱਡਾ ਪਾਪ ਹੈ।
ਮੈਂ ਇਹ ਪਾਪ ਰੋਜ਼ ਕਰਦਾਂ ਹਾਂ,

ਫ਼ੇਰ ਪੁੰਨ ਕੀ ਹੁੰਦਾ...??
ਕਿਸੇ ਦੇ ਕਹਿਣ
ਉਹ ਕਵਿਤਾ ਲਿਖਣਾ,
ਜਿਸਨੂੰ ਪਸੰਦ ਨੇ
ਇਹ ਤਾਰਿਆਂ ਵਰਗੇ ਅੱਖਰ
ਸੂਰਜ ਵਰਗੀ ਢਾਲ
ਜੋ ਮੈਂ ਕਦੇ ਨਹੀਂ ਕੀਤਾ,

ਅੱਜ-ਕੱਲ੍ਹ
ਮੈਂ ਨਿੱਕਾ ਹੋ ਰਿਹਾਂ ਹਾਂ।
ਮੇਰੇ ਆਸੇ ਪਾਸੇ ਦੀ ਦੁਨੀਆਂ
ਅਲੋਪ ਹੋ ਰਹੀ ਆ,
ਮੈਂ ਉਹਨੂੰ ਥੋੜ੍ਹਾ ਥੋੜ੍ਹਾ
ਭੁੱਲਦਾ ਜਾ ਰਿਹਾ ਹਾਂ।

ਮੈਂ ਅੱਜ ਕੱਲ੍ਹ

ਉਸਨੂੰ ਸਿਰਫ਼ ਯਾਦ ਕਰਦਾ ਹਾਂ।

ਪਰ ਮੇਰੀ ਉਡੀਕ ਵਿਚ

ਹੁਣ ਕਿਸੇ ਹੋਰ ਦਾ ਨਾਂ ਹੈ।

ਬੇਸ਼ੱਕ ਉਹਨੂੰ ਪਤਾ ਹੈ

ਜਿਸਦੀ ਮੈਂ ਉਡੀਕ ਕਰਦਾ ਹਾਂ

ਉਹ ਆਖਦੀ ਹੈ।

ਤੂੰ ਮੇਰੀ ਉਡੀਕ ਨਾ ਕਰਿਆ ਕਰ

ਮੈਨੂੰ ਚੰਗ਼ਾ ਨਹੀਂ ਲੱਗਦਾ,

ਪਰ ਉਹ ਨਹੀਂ ਜਾਣਦੀ

ਗੁਰੂ ਪਾਠੀ ਵੀ ਤਾਂ ਕਰਦਾ ਹੈ।

ਹਰ ਰੋਜ਼ ਪਾਠ

ਕੁਦਰਤ ਵੀ ਤਾਂ ਕਹਿੰਦੀ ਹੋਣੀਂ

ਅੱਜ ਮੇਰਾ ਚਿੱਤ ਲੋਟ ਨਹੀਂ।

ਇਹ ਨਹੀਂ ਹੋ ਸਕਦਾ

ਤੂੰ ਅੱਜ ਪਾਠ ਨਾ ਕਰੇ

ਨਹੀਂ ਹੁੰਦਾ ਨਾ ਐਵੇਂ,

ਬਸ ਫ਼ੇਰ

ਉਹ ਹਿੱਸਾ ਬਣ ਚੁੱਕਿਆ ਹੈ।

ਜਿਵੇਂ ਤੂੰ ਮੇਰਾ

ਚੱਲ ਮੰਨ ਵੀ ਜਾ

ਹੁਣ...

ਨਹੀਂ ਚੰਗ਼ਾ ਲੱਗਦਾ ਤੇਰਾ

ਦੂਰ ਹੋਣਾਂ

ਮੇਰਾ ਇਹਨਾਂ ਅੱਖਰਾਂ ਨਾਲ

ਕੋਈ ਤਾਲੁਕ ਨਹੀਂ

ਪਰ ਹਾਂ

ਇਸ ਸਫ਼ਰ ਹੈ

ਜੋ ਤੇਰੇ ਤੋਂ ਮੇਰੇ

ਤੱਕ ਲੈ ਕੇ ਆਉਂਦਾ ਹੈ

ਇਹ ਇਕ

ਰਾਹ

ਹੈ।

ਮੈਂ ਪਤਾ ਨਹੀਂ ਕੀ ਕੀ ਲਿਖੀ ਗਿਆ, ਕਿਸ ਬਾਰੇ ਲਿਖਣਾਂ ਹੈ,ਕੀ ਲਿਖਣ ਲਈ ਕਾਪੀ ਪੈੱਨ ਚੁੱਕਿਆ ਸੀ ਤੇ ਕੀ ਲਿਖ ਦਿੱਤਾ, ਮੈਂ ਜਦੋਂ ਇਸਨੂੰ ਖ਼ੁਦ

ਪੜਿਆ, ਮੈਂ ਅੱਖਾਂ ਮੀਚ ਲਈਆਂ ਜਿਦਾਂ ਕੋਈ ਕਬੂਤਰ ਬਿੱਲੀ ਵੇਖ ਕੇ ਮੀਚ ਲੈਂਦਾ ਹੈ, ਕਿਉਂਕਿ ਇਸ ਲਿਖਤ ਨੂੰ ਲਿਖਣ ਵਾਲਾ ਮੈਂ ਖ਼ੁਦ ਨਹੀਂ ਸੀ, ਮੈਂ ਇਸਨੂੰ ਆਦਮ ਦਾ ਨਾਮ ਦੇਣਾ ਪਸੰਦ ਕਰਾਂਗਾ, ਕਿਉਂ ਕਿ ਇਸ ਵਿਚ ਜਿਸ ਦੁਨੀਆਂ ਦੀ ਗੱਲ ਚੱਲ ਰਹੀ ਹੈ, ਉਸਦਾ ਮੈਨੂੰ ਗਿਆਰਾਂ ਨੰਬਰ ਲੱਗੀ ਐਨਕ ਦੇ ਟੁੱਟ ਜਾਣ ਮਗਰੋਂ,ਨੰਗੀ ਅੱਖ ਨਾਲ਼ ਵਿਖਣ ਵਾਲ਼ਾ ਕੋਈ ਮਡੰਗਾ ਕਹਿ ਸਕਦੇ ਹਾਂ।

ਇੱਕ ਅਣਜਾਣ ਨੰਬਰ ਤੋਂ ਫੋਨ ਆ ਰਿਹਾ ਹੈ। ਦਿਲ ਨਹੀਂ ਕਰ ਰਿਹਾ ਚੁੱਕਣ ਦਾ, ਫ਼ੇਰ ਸੋਚਿਆ ਕੀ ਪਤਾ ਉਸੇ ਦਾ ਹੋਵੇ ਚੁੱਕਣ ਵਿਚ ਕੀ ਹਰਜ਼ ਹੈ। ਉਹੀ ਹੋਇਆ

ਐਲੀਸਾ : ਹੈਲੋ

ਮੈਂ : ਹੈਲੋ

ਐਲੀਸਾ : ਕਿਵੇਂ ਹੋ, ਜਦੋਂ ਫੋਨ ਹੱਥ ਵਿਚ ਹੈ , ਫੇਰ ਚੁੱਕਣਾ ਨਹੀਂ ਆਉਂਦਾ,ਐਨਾ ਟਾਇਮ ਹੋ ਗਿਆ , ਵੱਜੀ ਜਾਂਦੇ

ਮੈਂ : ਮੈਨੂੰ ਲੱਗਾ,ਪਤਾ ਨਹੀਂ ਕੌਣ ਹੈ।

ਐਲੀਸਾ : ਹੁਣ ਵੀ ਲੱਗ ਗਿਆ ਕਿ ਦੱਸਾਂ

ਮੈਂ : ਦੱਸ ਦੇਵੋ

ਐਲੀਸਾ: ਖੜਜਾ ਖੜ੍ਹ

ਮੈਂ : ਹਾ ਹਾ

ਐਲੀਸਾ : ਹਾਹਾ ਬੜਾ ਹਾਸਾ ਆਉਂਦਾ ਐ।

ਮੈਂ : ਰੋ ਕੇ ਹੱਟਿਆ ਸੀ।

ਐਲੀਸਾ : ਕਿਉਂ,ਬੇਰ ਡੁੱਲ ਗਏ

ਮੈਂ : ਏਵੇਂ ਹੀ ਸਮਝ ਲਵੋ, ਮੈਂ ਇੱਕ ਗੱਲ ਕਹਿਣੀ ਸੀ।

ਐਲੀਸਾ : ਪਤਾ ਮੈਨੂੰ ਕੀ ਕਹਿਣਾ ਤੂੰ

ਮੈਂ : ਅੱਛਾ,ਜੇ ਪਤਾ ਫ਼ੇਰ ਏਵੇਂ ਕਿਉਂ ਕਿਹਾ

ਐਲੀਸਾ : ਮੈਨੂੰ ਏਵੇਂ ਸੀ ਕਹਿ ਦੇਵੇਗਾ, ਤੂੰ , ਪਰ ਕਿੱਥੇ ਕੁੜੀਆਂ ਨਾਲੋਂ ਵੀ ਟੱਪੇ ਪਏ ਆਂ, ਆਪਾਂ ਤੇ

ਮੈਂ : ਮੈਂ ਸੱਚੀਂ ਬਹੁਤ ਪਸੰਦ ਕਰਦਾ ਤੈਨੂੰ

ਐਲੀਸਾ : ਮੈਂ ਵੀ

ਮੈਂ : ਚੱਲ ਝੂਠੀ

ਐਲੀਸਾ : ਮੈਂ ਕੁਟ ਦੇਣਾ ਤੈਨੂੰ ਫ਼ੜ ਕੇ

ਮੈਂ : ਕਦੋਂ ਮਿਲਣਾਂ, ਕਿੱਥੇ ਮਿਲਣਾ

ਐਲੀਸਾ : ਗੇਟ ਖੋਲ੍ਹ ਕੇ ਵੇਖੋ, ਸਾਹਮਣੇ ਹੀ ਹਾਂ

ਮੈਂ ਭੱਜ ਕੇ ਉੱਠਿਆ ਤੇ ਗੇਟ ਖੋਲ੍ਹਿਆ,ਪਰ ਕੋਈ ਨਹੀਂ ਸੀ।

ਐਲੀਸਾ : ਕੀ ਹੋਇਆ

ਮੈਂ : ਹੈ ਤੇ ਹੈ ਨਹੀਂ

ਐਲੀਸਾ : ਹੁਣ ਵੇਖੋ

ਐਲੀਸਾ ਸਾਹਮਣੇ ਖੜ੍ਹੀ ਸੀ।ਐਨੀ ਸੋਹਣੀ ਕੁੜੀ ਮੈਨੂੰ ਪਤਾ ਨਹੀਂ ਲੱਗ ਰਿਹਾ ਸੀ, ਮੈਂ ਗਲ਼ ਨਾਲ਼ ਲਾਵਾਂ ਜਾਂ ਬਸ ਹੈਲੋ ਕਰ ਕੇ ਸਾਰ ਦੇਵਾਂ, ਪਰ ਉਸਨੇ ਆਪ ਹੀ ਘੁੱਟ ਕੇ ਗੱਲਵੱਕੜੀ ਪਾ ਲਈ, ਉਸਦੀਆਂ ਅੱਖਾਂ ਭਰ

ਆਈਆਂ ਸਨ, ਮੈਂ ਗੇਟ ਬੰਦ ਕਰ ਦਿੱਤਾ ਤੇ ਦੋਵੇਂ ਹੱਥਾਂ ਵਿਚ ਉਸਦਾ ਮੂੰਹ ਫ਼ੜ ਪੁੱਛਣ ਲੱਗਾ।

ਇਹਦੇ ਵਿਚ ਰੋਣ ਵਾਲ਼ੀ ਕੀ ਗੱਲ ਹੈ।ਪਰ ਉਸਦੀਆਂ ਅੱਖਾਂ ਵਿਚਲਾ ਖ਼ਾਰਾ ਪਾਣੀ ਹੋਰ ਤੇਜ਼ ਹੋ ਗਿਆ, ਉਸਨੇ ਫ਼ੇਰ ਘੁੱਟ ਕੇ ਗੱਲਵੱਕੜੀ ਪਾ ਲਈ।

ਐਲੀਸਾ : ਆਈ ਲਵ ਜੂ

ਮੈਂ : ਲਵ ਜੂ ਟੂ ,ਪਰ ਰੋਣ ਵਾਲ਼ੀ ਕੀ ਗੱਲ ਆ, ਮੈਨੂੰ ਏਵੇਂ ਦੱਸੋ, ਤੁਹਾਨੂੰ ਮੇਰਾ ਐਡਰੈੱਸ ਕਿਵੇਂ ਪਤਾ ਲੱਗਾ,

ਐਲੀਸਾ : ਮੈਂ ਤੁਹਾਨੂੰ ਕਾਲਜ ਟਾਈਮ ਤੋਂ ਜਾਂਣਦੀ ਹਾਂ, ਜਦੋਂ ਤੋਂ ਤੁਸੀਂ ਬਿਲਕੁਲ ਚੁੱਪ ਚਾਪ ਰਹਿੰਦੇ ਸੀ।

ਮੈਂ : ਕਿਆ ਬਾਤ ਐਨੀ ਚਲਾਕ ਕੁੜੀ

ਐਲੀਸਾ : ਨਹੀਂ ਨਹੀਂ ਐਦਾਂ ਦਾ ਕੁਝ ਨਹੀਂ

ਮੈਂ : ਬੈਠੋ!ਦੱਸੋ ਕੀ ਪੀਵੋਗੇ

ਐਲੀਸਾ : ਕੌਫ਼ੀ

ਮੈਂ : ਦੋ ਮਿੰਟ ਵਿਚ ਹੁਣ ਹੀ ਬਣਾ ਦੇਣੇਂ ਆਂ, ਤੁਸੀਂ ਦੱਸਿਆ ਨਹੀਂ, ਫੈਮਲੀ ਵਿਚ ਕੌਣ ਕੌਣ ਹੈ

ਐਲੀਸਾ : ਤੁਹਾਡੇ ਵਾਂਗ

ਮੈਂ : ਪਰ ਹੁਣ ਆਪਾਂ ਹੈਗੇ ਆਂ, ਦੋਵੇਂ

ਐਲੀਸਾ : ਹਮ ,

ਮੈਂ : ਮੈਂ ਕਦੇ ਨਹੀਂ ਸੋਚਿਆ ਕਿ ਆਪਾਂ ਐਦਾਂ ਮਿਲਾਂਗੇ

ਐਲੀਸਾ : ਹਾ ਹਾ

ਮੈਂ : ਸੱਚੀ,ਆ ਲਵੋ , ਕੌਫ਼ੀ

ਐਲੀਸਾ : ਹੁਣ ਮੈਂ ਏਥੇ ਰਹਿ ਸਕਦੀ ਹਾਂ

ਮੈਂ : ਪੁੱਛਣ ਵਾਲ਼ੀ ਕੀ ਗੱਲ ਆ, ਆਪਾਂ ਜਲਦ ਮੈਰਿਜ ਕਰਾ ਲਵਾਂਗੀ

ਐਲੀਸਾ : ਮੈਰਿਜ

ਮੈਂ : ਹਾਂ ਮੈਰਿਜ

ਐਲੀਸਾ ਇੱਕਦਮ ਇਹ ਸੁਣ ਕੇ ਡਰ ਜਿਹੀ ਗਈ।ਪਰ ਕਿਉਂ ਇਹ ਮੈਨੂੰ ਸਮਝ ਨਾ ਲੱਗੀ

ਤੁਸੀਂ ਠੀਕ ਹੋ

ਐਲੀਸਾ : ਹਾਂ, ਕਿਉਂ

ਮੈਂ : ਨਹੀਂ ਵੈਸੇ ਹੀ,

ਮੈਨੂੰ ਸਮਝ ਲੱਗ ਗਈ ਸੀ ਕਿ ਕੋਈ ਪਰੋਬਲਮ ਹੈ,ਪਰ ਕੀ ਹੈ ਇਹ ਨਹੀਂ ਪਤਾ,ਐਲੀਸਾ ਦਾ ਇਕ ਦਮ ਐਦਾਂ ਆਉਣਾਂ, ਉੱਪਰੋਂ ਮੈਂ ਤੇ ਕਾਲਜ ਵਿਚ ਗਿਆ ਹੀ ਨਹੀਂ ਸੀ, ਕਦੇ ਐਨਾ ਜ਼ਿਆਦਾ ਕਿ ਕੋਈ ਮੈਨੂੰ ਜਾਣਦਾ ਹੋਵੇ। ਮੈਨੂੰ ਐਲੀਸਾ ਤੇ ਸ਼ੱਕ ਹੋ ਰਿਹਾ ਸੀ।

ਐਲੀਸਾ : ਕੀ ਸੋਚ ਰਹੇ ਹੋ।

ਮੈਂ : ਇਹੀ ਕਿ ਕਾਲਜ ਲਾਈਫ ਕਿੰਨੀਂ ਵਧੀਆ ਹੁੰਦੀ ਹੈ।

ਐਲੀਸਾ : ਹਾਂਜੀ, ਮੈਂ ਸੌਣਾ ਚਾਹੁੰਦੀ ਹਾਂ, ਮੈਂ ਰਾਤ ਨੂੰ ਬਾਰਾਂ ਵਜੇ ਜੌਬ ਤੇ ਜਾਣਾ ਹੋਵੇਗਾ, ਮੈਨੂੰ ਜਗਾ ਦੇਣਾ

ਮੈਂ : ਕਿੱਥੇ ਜੌਬ ਕਰਦੇ ਹੋ, ਇਸ ਮੌਲ ਵਿਚ, ( ਉਸਨੇ ਤਸਵੀਰ ਵਿਖਾਈ )

ਐਲੀਸਾ : ਤੁਹਾਨੂੰ ਅਜੀਬ ਤੇ ਨਹੀਂ ਲੱਗ ਰਿਹਾ

ਮੈਂ : ਨਹੀਂ ਨਹੀਂ

ਉਹ ਸੌਂ ਗਈ, ਮੈਨੂੰ ਸਮਝ ਨਹੀਂ ਆ ਰਿਹਾ ਸੀ,ਇਹ ਉਹੀ ਕੁੜੀ ਹੈ ਜਾਂ ਹੋਰ, ਮੈਂ ਕਿਵੇਂ ਪਤਾ ਕਰਾਂ, ਮੈਂ ਬੁਰੀ ਤਰ੍ਹਾਂ ਫਸ ਚੁੱਕਾ ਸੀ।ਮੇਰਾ ਸਿਰ ਦਰਦ ਤੇ ਪਹਿਲਾਂ ਹੀ ਕਰ ਰਿਹਾ ਸੀ। ਹੁਣ ਨਾਲ਼ ਨਾਲ਼ ਘੁੰਮਣਾ ਵੀ ਸ਼ੁਰੂ ਹੋ ਗਿਆ ਸੀ। ਮੈਂ ਬਹੁਤ ਕੋਸ਼ਿਸ਼ ਕੀਤੀ ਕਿ ਅੱਖਾਂ ਖੋਲ੍ਹਾਂ,ਪਰ ਅੱਖਾਂ ਨਹੀਂ ਸੀ ਖੁੱਲ੍ਹ ਰਹੀਆਂ, ਅਖ਼ੀਰ ਮੈਂ ਵੀ ਸੌਂ ਗਿਆ, ਮੈਨੂੰ ਜਿੱਥੋਂ ਤੀਕ ਯਾਦ ਹੈ, ਇੱਕ ਦੋ ਵਜੇ ਦਾ ਵਕ਼ਤ ਸੀ। ਮੈਂ ਇੱਕ ਅੱਧ ਮਰੀ ਹਾਲਤ ਵਿੱਚ ਹਾਂ, ਖੜਾਕ ਹੋ ਰਿਹਾ ਹੈ,ਕੋਈ ਚੀਕ ਹੈ, ਬਚਾਓ ਬਚਾਓ ਬਚਾਓ
ਮੇਰੇ ਵਿਚ ਹਿੰਮਤ ਨਹੀਂ ਕਿ, ਮੈਂ ਮੂੰਹੋਂ ਕੁਝ ਬੋਲ ਸਕਾਂ, ਮੇਰੀਆਂ ਅੱਖਾਂ ਪੱਥਰ ਹੋ ਗਈਆਂ ਨੇ, ਮੇਰੀ ਦੇਹ ਜੰਮ ਚੁੱਕੀ ਹੈ, ਜਿਦਾਂ ਫਰਿੱਜ਼ ਵਿਚ ਬਰਫ਼

***



## 8

ਚਿੱਟੀ ਜਿਹੀ ਬੱਤੀ ਬੇਧੜਕ ਹੋ ਜੱਗ ਰਹੀ ਸੀ ਲਗਾਤਾਰ,ਹਲਕੀ ਜਿਹੀ ਆਵਾਜ਼ ਗੂੰਜੀ ਉਸਦਾ ਮੈਸਜ਼ ਸੀ। ਮੈਂ ਲੰਮੀਂ ਬਾਂਹ ਕਰਦਿਆਂ ਖੱਬੇ ਹੱਥ ਚਾਰਜ ਲੱਗੇ ਹੋਏ ਫ਼ੋਨ ਨੂੰ ਚੁੱਕਿਆ,ਰਾਤ ਦੇ ਇੱਕ ਵਜੇ ਦਾ ਸਮਾਂ ਸੀ।

ਹੈਵਨ : ਰਾਤਾਂ ਦਾ ਫ਼ਰਕ ਹੈ,
ਪੈਰ ਤਹਿ ਕਿਵੇਂ ਕਰਨਗੇ..???
ਅਸੀਂ ਤੇ ਤੇਰੇ ਬਸ..
ਨਾਮ ਵਰਗੇ ਹੋਣਾ ਚਾਹੁੰਦੇ ਹਾਂ

ਇਹ ਵਿਅਸਤ ਜਿਹੀ ਦੁਨੀਆਂ ਵਿੱਚ,
ਇੱਕ ਕੈਕਟਸ ਦਾ ਪੌਦਾ..!!
ਇੱਕ ਚੰਨ..!!
ਇੱਕ ਸੂਰਜ..!!
ਇੱਕ ਤੂੰ..!!
ਤੇ ਇੱਕ ਮੈਂ....

ਮੇਰੀ ਅਚਾਨਕ ਅੱਖ ਖੁੱਲ੍ਹੀ ਤੇ ਮੈਂ ਕਿਹਾ ਆ ਹੀ ਹੈ, ਤੁਹਾਨੂੰ ਨੀਂਦ ਨਹੀਂ ਆ ਰਹੀ

ਹੈਵਨ : ਨਹੀਂ ਅੱਜਕਲ੍ਹ ਕੁਝ ਹਾਲਾਤ ਅਜਿਹੇ ਹੀ ਨੇ

ਮੈਂ : ਹਾਲਾਤ ਮਤਲਬ

ਹੈਵਨ : ਮੇਰੀ ਅੰਦਰ ਸੰਸਾਰ ਯੁੱਧ ਲੱਗਿਆ ਰਹਿੰਦਾ ਹੈ, ਖ਼ੂਨ ਦੀਆਂ ਨਦੀਆਂ ਵਗਦੀਆਂ ਰਹਿੰਦੀਆਂ, ਲੱਖਾਂ ਬਲਾਤਕਾਰ, ਲੱਖਾਂ ਆਤਮ-ਹੱਤਿਆ ਹੋ ਰਹੀਆਂ ਨੇ

ਮੈਂ : ਹੈਲੋ ਕੀ ਬੋਲੀ ਜਾਂਦੇ ਹੋ, ਮੇਰੇ ਤੇ ਸਮਝ ਨਹੀਂ ਲੱਗਦਾ ਕੁਝ

ਹੈਵਨ : ਇਹ ਕੋਈ ਸਮਝਣ ਵਾਲੀ ਗੱਲ ਨਹੀਂ ਹੈ, ਇਹ ਤਾਂ ਸਾਰ ਹੈ,ਮਨ ਦੀ ਕਹਾਣੀ ਦਾ,ਜਿਸ ਨੂੰ ਪੜ੍ਹਨ ਵਾਲਾ ਵੀ ਤੇ ਲਿਖਣ ਵਾਲ਼ਾ ਵੀ ,ਇੱਕ ਹੀ ਨੇ

ਮੈਂ : ਮੈਨੂੰ ਡਰ ਲੱਗ ਰਿਹਾ ਹੈ, ਇਹੋ ਜਿਹੀਆਂ ਗੱਲਾਂ ਨਾ ਕਰੋ

ਹੈਵਨ : ਹਾਹਾ ਸੌਂ ਜਾਓ, ਮਜ਼ਾਕ ਕਰਦਾ ਸੀ।

ਮੈਂ : ਕਮਲਾ ਯਰ ਤੂੰ ਵੀ ਜਮਾਂ, ਬਾਏ ਗੁੱਡ ਨਾਈਟ

ਹੈਵਨ : ਗੁੱਡ ਨਾਈਟ

ਮੈਨੂੰ ਹੈਵਨ ਦੀਆਂ ਗੱਲਾਂ ਜਿੰਨੀਆਂ ਕੁ ਅਜ਼ੀਬ ਲੱਗੀਆਂ ਉਸਤੋਂ ਕਿਤੇ ਜ਼ਿਆਦਾ ਡੂੰਘੀਆਂ, ਮੈਂ ਉਸਨੂੰ ਮੈਸਜ਼ ਕੀਤਾ ਕਿ ਮੈਂ ਕੱਲ੍ਹ ਨੂੰ ਫਰੀ ਹਾਂ, ਆਪਾਂ ਮਿਲਦੇ ਹਾਂ,ਪਰ ਉਹ ਸੌਂ ਚੁੱਕਾ ਸੀ, ਪਤਾ ਨਹੀਂ ਉਸਨੇ ਜਾਣ ਬੁੱਝ ਕੇ ਮੈਸਜ਼ ਨਹੀਂ ਵੇਖਿਆ, ਮੈਂ ਕੁਝ ਮਿੰਟ ਇੰਤਜ਼ਾਰ ਵੀ ਕੀਤਾ , ਪਰ ਉਸਨੇ ਮੈਸਜ਼ ਨਾ ਵੇਖਿਆ, ਅਖ਼ੀਰ ਮੈਂ ਸੌਂ ਗਈ।

ਸਵੇਰੀ ਉੱਠੀ ਤਾਂ ਸੱਤ ਵੱਜ ਗਏ ਸਨ, ਅੱਜ ਕੰਮ ਤੇ ਵੀ ਨਹੀਂ ਸੀ ਜਾਣਾ, ਮੈਂ ਨੈੱਟ ਆਨ ਕੀਤਾ ਤਾਂ ਵੇਖਿਆ ਹੈਵਨ ਦੇ ਮੈਸਜ਼ ਆਏ ਹੋਏ ਸਨ,

ਉਸਨੇ ਮੈਨੂੰ ਐਡਰੈੱਸ ਭੇਜਣ ਲਈ ਕਿਹਾ ਸੀ, ਮੈਂ ਮੇਰੇ ਨਜ਼ਦੀਕ ਦਾ ਐਡਰੈੱਸ ਭੇਜ ਦਿੱਤਾ ਤੇ ਟਾਇਮ ਵੀ ਲਿਖ ਦਿੱਤਾ ਨਾਲ਼ ਹੀ।
ਮੈਂ ਕੌਫ਼ੀ ਬਣਾਉਣ ਲੱਗ ਪਈ, ਉਸਤੋਂ ਬਾਅਦ ਘਰ ਸਾਫ਼ ਕਰਨ ਲੱਗ ਗਈ। ਮੈਨੂੰ ਪਤਾ ਸੀ ਕਿ ਹੈਵਨ ਇੱਕ ਲੇਖਕ ਹੈ, ਉਸਨੂੰ ਜੇਕਰ ਮੈਂ ਆਪਣੇ ਬਾਰੇ ਦੱਸਿਆ ਉਸਨੇ ਮੇਰੇ ਉੱਪਰ ਜ਼ਰੂਰ ਲਿਖਣਾ ਹੈ, ਕੁਝ ਨਾ ਕੁਝ

ਮੈਂ ਦਿੱਤੇ ਸਮੇਂ ਅਨੁਸਾਰ ਉਸ ਜਗਾਹ ਤੇ ਪਹੁੰਚ ਗਈ ਅਤੇ ਹੈਵਾਨ ਦਾ ਇੰਤਜ਼ਾਰ ਕਰਨ ਲੱਗੀ, ਮੈਂ ਉਸਨੂੰ ਕੋਈ ਮੈਸਜ਼ ਵੀ ਨਾ ਛੱਡਿਆ, ਕਿਉਂ ਮੈਨੂੰ ਯਕੀਨ ਵੀ ਸੀ ਤੇ ਮੈਂ ਐਨਾ ਕੁ ਜਾਣਦੀ ਵੀ ਸਾਂ,ਕਿ ਮੁੰਡੇ ਹਮੇਸ਼ਾ ਇੱਕ ਕੁੜੀ ਨੂੰ ਮਿਲਣ ਲਈ ਤਿਆਰ ਰਹਿੰਦੇ ਹਨ। ਮੈਂ ਬੈਠੀ ਆਪਣੇ ਆਪ ਨਾਲ਼ ਗੱਲਾਂ ਕਰ ਰਹੀ ਸਾਂ ਕਿ ਹੈਵਨ ਇੱਕ ਜੋ ਇੱਕ ਬਹੁਤ ਹੀ ਸੁੰਦਰ ਤੇ ਮਾਸੂਮ ਜਿਹੇ ਚਿਹਰੇ ਵਾਲਾ ਜੈਨਟਲ ਮੈਨ ਸੀ। ਮੇਰੇ ਕੋਲ਼ ਆ ਕੇ ਬੋਲਿਆ ਕੀ ਤੁਸੀਂ ਹੀ ਨੈਨਸੀ ਹੋ।
ਮੈਂ : ਹਾਂਜੀ
ਉਹ : ਆਈ ਐੱਮ ਹੈਵਨ
ਮੈਂ : ਮਿਲ਼ ਕੇ ਖੁਸ਼ੀ ਹੋਈ
ਹੈਵਨ : ਮੈਨੂੰ ਵੀ, ਮੈਂ ਜਿਦਾਂ ਦਾ ਸੋਚਿਆ ਸੀ ਤੁਸੀਂ ਉਸ ਤੋਂ ਵੀ ਜ਼ਿਆਦਾ ਸੁੰਦਰ ਹੋ
ਮੈਂ : ਪਰ ਮੈਂ ਜਿਦਾਂ ਦਾ ਸੋਚਿਆ ਸੀ। ਤੁਸੀਂ ਓਦਾਂ ਦੇ ਬਿਲਕੁਲ ਨਹੀਂ ਹੋ।

ਹੈਵਨ : ਕੀ ਆਪਾਂ ਸਿਰਫ਼ ਇੱਕ ਦੂਜੇ ਨੂੰ ਜਾਣਨ ਲਈ ਹੀ ਮਿਲ਼ੇ ਹਾਂ, ਜਾਂ ਇਸਦਾ ਕੋਈ ਖ਼ਾਸ ਮਕਸਦ ਵੀ ਹੈ।

ਮੈਂ : ਹੈਵਨ ਕੀ ਤੁਹਾਨੂੰ ਪਤਾ ਹੈ।ਕਿ ਮੈਂ ਇੱਕ ਅਨਕੰਪਲੀਟ ਗਰਲ ਹਾਂ

ਹੈਵਨ : ਮਤਲਬ

ਮੈਂ : ਹਾਂ ਜੋ ਸੁਣਿਆ ਉਹੀ

ਹੈਵਨ : ਇਹ ਕਿਵੇਂ ਹੋ ਸਕਦਾ

ਮੈਂ : ਮੈਂ ਇਹੀ ਦੱਸਣਾਂ ਚਾਹੁੰਦੀ ਹਾਂ,ਕਿ ਇਹ ਕਿਵੇਂ ਹੋਇਆ,ਪਰ ਸੰਖੇਪ ਵਿੱਚ ਨਹੀਂ ਦੱਸ ਸਕਦੀ। ਮੈਂ ਕਦੇ ਵੀ ਮਾਂ ਨਹੀਂ ਬਣ ਸਕਦੀ,ਇਸਦੀ ਵਜਾਹ ਕੋਈ ਹੋਰ ਨਹੀਂ ਮੈਂ ਖ਼ੁਦ ਹਾਂ

ਹੈਵਨ : ਤੁਸੀਂ ਦੱਸੋ, ਮੈਂ ਸੁਣ ਰਿਹਾ ਹਾਂ

ਮੈਂ : ਕੀ ਹੋਇਆ , ਜਿਦਾਂ ਮੈ ਤੁਹਾਡੇ ਨਾਲ਼ ਗੱਲ ਕੀਤੀ ਹੈ, ਏਦਾਂ ਹੀ ਇੱਕ ਮੁੰਡੇ ਨਾਲ਼ ਮੈਂ ਗੱਲ ਕੀਤੀ, ਏਦਾਂ ਹੀ ਅਸੀਂ ਵਧੀਆ ਦੋਸਤ ਬਣ ਗਏ, ਮੈਂ ਵੀ ਉਸਨੂੰ ਲਾਈਕ ਕਰਦੀ ਸਾਂ ਤੇ ਉਹ ਵੀ, ਅਸੀਂ ਦੋਵਾਂ ਨੇ ਜਲਦ ਵਿਆਹ ਕਰਵਾ ਲੈਣਾ ਸੀ। ਇੱਕ ਦਿਨ ਕੀ ਹੋਇਆ ਮੈਂ ਕੰਮ ਤੋਂ ਘਰ ਜਾ ਰਹੀ ਸਾਂ,ਪਰ ਰਸਤੇ ਵਿਚ ਮੇਰਾ ਐਕਸੀਡੈਂਟ ਹੋ ਗਿਆ, ਇਸ ਨੇ ਮੈਨੂੰ ਇਸ ਨਵੀਂ ਦੁਨੀਆਂ ਵਿੱਚ ਲ਼ਿਆ ਖੜ੍ਹਾ ਕਰ ਦਿੱਤਾ,ਜੇਕਰ ਮੈਂ ਉਦੋਂ ਹੀ ਮਰ ਜਾਂਦੀ ਤਾਂ ਸ਼ਾਇਦ ਮੈਨੂੰ, ਇਹ ਹਰ ਰੋਜ਼ ਨਾ ਮਰਨਾ ਪੈਂਦਾ, ਪਰ ਸ਼ਾਇਦ ਕਿਸਮਤ ਨੂੰ ਇਹੀ ਮਨਜ਼ੂਰ ਸੀ। ਜਦੋਂ ਮੈਂ ਹੌਸਪੀਟਲ ਤੋਂ ਚੰਗੀ ਤਰ੍ਹਾਂ ਠੀਕ ਹੋ ਘਰ ਆ ਗਈ ਫ਼ੇਰ ਕੁਝ ਮਹੀਨੇ ਬਾਅਦ ਹੀ ਅਸੀਂ ਮੈਰਿਜ ਕਰਵਾ ਲਈ,ਪਰ ਜਦੋਂ ਉਸਨੂੰ ਪਤਾ ਲੱਗਾ ਕਿ ਮੈਂ ਕਦੇ ਮਾਂ ਨਹੀਂ ਬਣ ਸਕਦੀ,ਉਹ ਮੈਨੂੰ ਛੱਡ ਕੇ ਹਮੇਸ਼ਾ ਲਈ ਪਤਾ ਨਹੀ ਕਿੱਥੇ ਚੱਲਾ

ਗਿਆ, ਫ਼ੇਰ ਇਹ ਗੱਲ ਮੇਰੇ ਪੂਰੇ ਸ਼ਹਿਰ ਵਿਚ ਫ਼ੈਲ ਗਈ, ਮੈਨੂੰ ਕੰਮ ਤੋਂ ਵੀ ਹਟਾ ਦਿੱਤਾ ਗਿਆ, ਅਖ਼ੀਰ ਮੈਂ ਉਹ ਸ਼ਹਿਰ ਛੱਡ ਕੇ ਏਥੇ ਆ ਗਈ, ਮੈਂ ਬਹੁਤ ਕੋਸ਼ਿਸ਼ ਕੀਤੀ ਪਰ ਏਥੇ ਮੈਨੂੰ ਕੋਈ ਨੌਕਰੀ ਨਾ ਮਿਲ਼ੀ, ਅਖ਼ੀਰ ਏਥੇ ਆ ਮੈਂ ਇੱਕ ਬੁੱਢੇ ਨਾਲ ਰਹਿਣ ਲੱਗ ਗਈ।ਜਿਸ ਦੇ ਸਿਰ ਉੱਪਰ ਬਹੁਤ ਸਾਰਾ ਕਰਜ਼ਾ ਸੀ। ਉਸਨੇ ਮੇਰੇ ਖਾਂਣੇ ਵਿਚ ਨਸ਼ਾ ਮਿਲ਼ਾ, ਮੇਰੇ ਜਿਸਮ ਨੂੰ ਵੇਚਣਾ ਸ਼ੁਰੂ ਕਰ ਦਿੱਤਾ, ਫ਼ੇਰ ਹੌਲ਼ੀ ਹੌਲ਼ੀ ਇਹੀ ਮੇਰਾ ਕਿੱਤਾ ਬਣ ਗਿਆ, ਮੈਂ ਉਸ ਦਿਨ ਕਿਹਾ ਸੀ ਨਾ ਕਿ ਭਾਟੀਆ ਮੇਰੀ ਦੋਸਤ ਹੈ। ਦਰਅਸਲ ਵਿਚ ਉਹ ਭਾਟੀਆ ਮੇਰੀ ਦੋਸਤ ਨਹੀਂ, ਸਗੋਂ ਉਹ ਕੁੜੀ ਮੈਂ ਹੀ ਹਾਂ।

ਹੈਵਨ : ਤੁਸੀਂ ਇਹ ਕੀ ਬੋਲ ਰਹੇ ਹੋ

ਮੈਂ : ਇਹੀ ਸੱਚ ਹੈ।

ਹੈਵਨ ਨੂੰ ਯਕੀਨ ਨਹੀਂ ਸੀ ਹੋ ਰਿਹਾ ਕਿ ਇਹ ਸਭ ਜੋ ਨੈਨਸੀ ਦੱਸ ਰਹੀ ਹੈ,ਉਸਤੇ ਕੀ ਸੋਚ ਕੇ ਯਕੀਨ ਕਰੇ।

ਮੈਂ ਉਸਤੋਂ ਬਾਅਦ ਹੈਵਨ ਨੂੰ ਕਦੇ ਵੀ ਦੁਬਾਰਾ ਨਹੀਂ ਮਿਲ਼ੀ ਤੇ ਨਾ ਹੀ ਉਸਨੇ ਮੈਨੂੰ ਕਦੇ ਦੁਬਾਰਾ ਮੈਸਜ਼ ਕੀਤਾ। ਮੈਨੂੰ ਇਹੀ ਲੱਗਦਾ ਹੈ ਕਿ ਤੁਹਾਡਾ ਸੱਚ ਜਾਣਨ ਤੋਂ ਬਾਅਦ ਕੋਈ ਵੀ ਤੁਹਾਡਾ ਨਹੀਂ ਹੈ।

ਮੈਨੂੰ ਏਵੇਂ ਸੀ ਕਿ ਹੈਵਨ ਮੈਨੂੰ ਸਮਝੇਗਾ,ਪਰ ਉਸਨੇ ਵੀ ਮੈਨੂੰ ਨਾ ਸਮਝਿਆ ਕੁਝ ਮਹੀਨੇ ਬੀਤਣ ਤੋਂ ਬਾਅਦ ਮੈਨੂੰ ਪਤਾ ਲੱਗਾ ਕਿ ਮੈਂ ਜਿਸ ਬੁੱਢੇ ਨਾਲ਼ ਰਹਿੰਦੀ ਹਾਂ, ਉਹ ਹੈਵਨ ਦਾ ਪਿਤਾ ਸੀ। ਮੈਂ ਪੂਰੀ ਤਰ੍ਹਾਂ

ਦਰਦ ਨਾ ਭਰ ਗਈ,ਮੇਰਾ ਅੰਗ ਅੰਗ ਕਹਿ ਰਿਹਾ ਹੈ ਕਿ ਮੈਂ ਆਤਮ-ਹੱਤਿਆ ਕਰ ਲਵਾਂ।ਪਰ ਫ਼ੇਰ ਇੱਕ ਉਮੀਦ ਦੀ ਕਿਰਨ ਜਾਗੀ।

ਬਸ ਇਹੀ ਹੈ ਮੇਰੀ ਜ਼ਿੰਦਗੀ ਦਾ ਸਾਰ, ਮੈਂ ਇੱਕ ਇਸ ਦੁਨੀਆਂ ਲਈ ਆਖ਼ਰੀ ਪੰਨਾ ਲਿਖਣਾ ਚਾਹੁੰਦੀ ਹਾਂ

ਅਨਕੰਪਲੀਟ ਗਰਲ

ਸਭ ਰਿਸ਼ਤਿਆਂ ਵਿਚ
ਮਤਲਬ ਆ ਚੁੱਕਾ ਹੈ।
ਔਰਤ ਕੋਲੋਂ
ਔਰਤ ਹੋਣ ਦੇ
ਅਰਥ ਖੋ ਲਏ ਗਏ ਹਨ।

ਉਹ ਇਸ ਅਵਸਥਾ ਵਿਚ ਹੈ।
ਉਹ ਸੰਤ ਨਹੀਂ ਹੋ ਸਕਦੀ।
ਉਹ ਕਿਸੇ ਨੂੰ ਪਿਆਰ ਨਹੀਂ ਕਰ ਸਕਦੀ
ਉਹ ਸ਼ਰੇਆਮ ਘੁੰਮ ਨਹੀਂ ਸਕਦੀ

ਉਹ ਔਰਤ,
ਜਿਸ ਦਾ ਪਤਾ ਨਹੀਂ

ਕਿੰਨੇ ਮਰਦਾਂ ਦੀ
ਭੁੱਖ ਮਿਟਾ ਚੁੱਕੀ ਹੈ।

ਉਸਦੀ ਭੁੱਖ,
ਇੱਕ ਮਰਦ ਵੀ ਨਹੀਂ ਮਿਟਾ ਸਕਦਾ
ਕਾਮ ਹੀ ਰਿਸ਼ਤੇ ਦੀ ਪੂਰਤਾ ਨਹੀਂ ਹੁੰਦਾ

ਮੈਂ ਅੰਬਰ ਨੂੰ
ਲਾਹਨਤ ਪਾਉਂਦੀ ਹਾਂ।
ਧਰਤੀ ਦੇ ਮੂੰਹ ਉੱਪਰ
ਥੁੱਕਦੀ ਹਾਂ,
ਸੂਰਜ ਨੂੰ ਐਲਾਨਦੀ ਹਾਂ
ਜੇ ਹਿੰਮਤ ਹੈ।
ਸਭ ਕੁਝ ਤਬਾਹ
ਕਰਕੇ ਵਿਖਾਏ।

ਪਾਣੀ ਵੀ ਝੂਠੇ ਨੇ,
ਅੱਗ ਵੀ ਹੰਕਾਰ ਦੀ ਮਾਰੀ ਹੋਈ ਆ।
ਮਿੱਟੀ ਨੂੰ ਤਾਂ ਕਹਿਣਾ ਹੀ ਕੀ ਹੈ
ਇਹ ਤਾਂ ਹੈ ਹੀ ਮਿੱਟੀ

ਬਾਕੀ ਵੱਚੀ ਹੈ।

ਕੁਦਰਤ ਤੇ ਹਵਾ,

ਕੁਦਰਤ ਨਿਰਦੇਈ ਹੈ।

ਹਵਾ ਬਹੁਤਾ ਚਿਰ ਨਹੀਂ

ਇਸਦਾ ਜਲਦੀ ਹੀ

ਮਾਨਸਿਕ ਸੰਤੁਲਨ ਵਿਗੜ

ਜਾਵੇਗਾ।

ਸਦੀਆਂ ਤੀਕ

ਇਹ ਸੰਤਾਪ ਭੋਗਦੀ ਰਹੀਗੀ।

ਖ਼ੂਨ ਦੀਆਂ ਨਦੀਆਂ ਵਗਣਗੀਆਂ,

ਹੱਡਾਂ ਦਾ ਆਚਾਰ ਪਵੇਗਾ।

ਮਨੁੱਖ ਦੀ ਅੱਖਾਂ

ਅੰਡਿਆਂ ਵਾਂਗ

ਸ਼ਰੇਆਮ ਖਿਲਰੀਆਂ ਪਈਆਂ ਹੋਣਗੀਆਂ।

ਧਰਤੀ ਸਿਰਫ਼

ਨਾਮ ਵੀ ਧਰਤੀ ਰਹਿ ਜਾਵੇਗੀ।

***

## 9

ਮੈਨੂੰ ਨਹੀਂ ਸੀ ਪਤਾ ਕਿ ਇਹ ਕਿਤਾਬ ਮੈਂ ਅੱਜ ਖ਼ਤਮ ਕਰ ਦੇਵਾਂਗਾ, ਮੈਂ ਅਜੇ ਤੀਕ ਇਸਦੇ ਲੇਖਕ ਦਾ ਨਾਮ ਨਹੀਂ ਪੜ੍ਹਿਆ,ਇਹ ਕਿਤਾਬ ਮੇਰੇ ਕੋਲ਼ ਕਿਵੇਂ ਆਈ, ਮੈਨੂੰ ਇਹ ਵੀ ਨਹੀਂ ਪਤਾ, ਮੈਨੂੰ ਕੁਝ ਵੀ ਯਾਦ ਨਹੀਂ ਰਾਤੀਂ ਕੀ ਹੋਇਆ, ਮੈਨੂੰ ਥੋੜ੍ਹਾ ਥੋੜ੍ਹਾ ਯਾਦ ਹੈ ਕਿ ਕੱਲ੍ਹ ਦੁਪਹਿਰ ਮੇਰੇ ਕੋਲ਼ ਐਲੀਸਾ ਆਈ ਸੀ।ਪਰ ਉਹ ਹੁਣ ਕਿੱਥੇ ਹੈ, ਮੈਨੂੰ ਇਹ ਬਿਲਕੁਲ ਵੀ ਚੇਤਾ ਨਹੀਂ ਆ ਰਿਹਾ, ਉਸਦੇ ਕੱਪੜਿਆਂ ਵਾਲਾ ਬੈਗ ਜੋ ਕਿ ਮੈਂ ਕੱਲ੍ਹ ਸਟੱਡੀ ਟੇਬਲ ਕੋਲ਼ ਰੱਖਿਆ ਸੀ,ਉਹ ਵੀ ਏਥੇ ਨਹੀਂ ਹੈ। ਮੈਨੂੰ ਸਮਝ ਨਹੀਂ ਲੱਗ ਰਹੀ,ਕਿ ਉਹ ਸਭ ਸੁਪਨਾ ਸੀ ਜਾਂ ਹਕੀਕਤ, ਮੈਂ ਕੱਲ੍ਹ ਦੁਪਹਿਰ ਦਾ ਸੌਂ ਰਿਹਾ ਹਾਂ ਤੇ ਅੱਜ ਸਵੇਰੇ ਮੈਂ ਉੱਠਣ ਸਾਰ ਸਿੱਧੀ ਕਿਤਾਬ ਪੜ੍ਹਨੀ ਸ਼ੁਰੂ ਕਰ ਦਿੱਤੀ,ਉਹ ਵੀ ਉਹ ਕਿਤਾਬ ਜੋ ਮੇਰੇ ਕੋਲ ਕਿੱਥੋਂ ਆਈ, ਮੈਂ ਇਹ ਵੀ ਨਹੀਂ ਪਤਾ, ਮੈਂ ਵੇਖਿਆ ਮੈਨੂੰ ਮੇਰਾ ਲੈਪਟਾਪ ਨਹੀਂ ਸੀ ਵਿਖ ਰਿਹਾ,ਮੇਰਾ ਪਰਸ ਜੋ ਕਿ ਮੇਰੇ ਬੈਗ ਵਿਚ ਹੁੰਦਾ ਹੈ,ਉਹ ਵੀ ਫਰਿੱਜ਼ ਕੋਲ਼ ਡਿੱਗਿਆ ਪਿਆ ਸੀ। ਮੈਂ ਸ਼ੀਸ਼ੇ ਵਿਚ ਵੇਖਿਆ ਤਾਂ ਮੇਰੇ ਮੱਥੇ ਉੱਪਰ ਲਿਖਿਆ ਹੋਇਆ ਸੀ। ਵਨ ਪਰਸਨ

ਇਹ ਪੜਦੇ ਸਾਰ ਹੀ ਮੇਰੀ ਨਿਗਾਹ ਕਿਤਾਬ ਦੇ ਪਿਛਲੇ ਕਵਰ ਉੱਪਰ ਗਈ।ਜਿਸ ਉੱਪਰ ਲਿਖਿਆ ਹੋਇਆ ਸੀ। ਅਨਕੰਪਲੀਟ ਗਰਲ ਰੀਟਨ ਬਾਏ ਵਨ ਪਰਸਨ ( uncomplete girl' written by One

person ) ਮੇਰੇ ਫ਼ੋਨ ਦੇ ਉੱਪਰ ਰਾਤ ਦਾ ਇੱਕ ਮੈਸਜ਼ ਆਇਆ ਹੋਇਆ ਸੀ ਜੋ ਕਿ ਐਲੀਸਾ ਦਾ ਸੀ।

ਐਲੀਸਾ : ਹੈਲੋ, ਕਿੱਥੇ ਹੋ, ਸੁਣ ਰਿਹਾ, ਬੋਲਦੇ ਕਿਉਂ ਨਹੀਂ,

ਮੇਰੇ ਪੈਰਾਂ ਹੇਠੋਂ ਜ਼ਮੀਨ ਖਿਸਕ ਚੁੱਕੀ ਸੀ, ਕਿਉਂਕਿ ਜੋ ਕੱਲ੍ਹ ਕੁੜੀ ਮੇਰੇ ਕਮਰੇ ਵਿਚ ਆਈ ਸੀ ,ਉਹ ਐਲੀਸਾ ਨਹੀਂ ਸੀ ਤੇ ਉਹ ਮੈਸਜ਼ ਵੀ ਡੀਲੀਟ ਸਨ।ਜਿਸ ਵਿਚ ਲਿਖਿਆ ਹੋਇਆ ਸੀ ਕਿ ਮੈਂ ਅੱਜ ਤੋਂ ਬਾਅਦ ਗੱਲ ਨਹੀਂ ਕਰ ਸਕਦੀ ਤੇ ਬਾਕੀ ਵੀ, ਮੈਂ ਐਲੀਸਾ ਨੂੰ ਕਾਲ ਕੀਤੀ ਤੇ ਸਾਰਾ ਕੁਝ ਦੱਸ ਦਿੱਤਾ,ਕਿ ਮੇਰੇ ਨਾਲ਼ ਇਹ ਹੋਇਆ, ਉਸਨੇ ਦੱਸਿਆ ਕਿ ਇਹ ਕਿਤਾਬ ਉਸਨੇ ਵੀ ਪੜ੍ਹੀ ਹੈ, ਅਨਕੰਪਲੀਟ ਗਰਲ ਕਿਉਂਕਿ ਉਹ ਖ਼ੁਦ ਇੱਕ ਅਨਕੰਪਲੀਟ ਗਰਲ ਹੈ। ਮੈਂ ਹੋਰ ਜ਼ਿਆਦਾ ਉਲਝਣ ਵਿਚ ਉਲਝ ਗਿਆ, ਉਸਤੋਂ ਸਾਨੂੰ ਦੋਵਾਂ ਨੂੰ ਕਈ ਹਫ਼ਤੇ ਲਗਾਤਾਰ ਬਲੈਕਮੇਲ ਕੀਤਾ ਗਿਆ, ਪਰ ਇਹ ਕੌਣ ਸੀ ਤੇ ਕਿਉਂ ਕਰ ਰਿਹਾ ਸੀ, ਸਾਡੇ ਨਾਲ ਕੀ ਰਿਸ਼ਤਾ ਸੀ, ਸਾਨੂੰ ਦੋਵਾਂ ਨੂੰ ਕੁਝ ਵੀ ਸਮਝ ਨਾ ਆਇਆ, ਫ਼ੇਰ ਕੀ ਹੋਇਆ ਉਹ ਅਚਾਨਕ ਗ਼ਾਇਬ ਹੋ ਗਿਆ, ਮੈਂ ਤੇ ਐਲੀਸਾ ਨੇ ਮੈਰਿਜ਼ ਕਰਵਾ ਲਈ, ਮੈਨੂੰ ਇਹ ਪਤਾ ਸੀ ਕਿ ਐਲੀਸਾ ਵੀ ਕਦੇ ਮਾਂ ਨਹੀਂ ਬਣ ਸਕਦੀ, ਪਰ ਮੈਨੂੰ ਉਹ ਵਧੀਆ ਲੱਗਦੀ ਸੀ। ਉਸਦਾ ਵੀ ਮੇਰੇ ਵਾਂਗ ਇਸ ਦੁਨੀਆਂ ਵਿੱਚ ਕੋਈ ਨਹੀਂ ਸੀ।

ਅਸੀਂ ਆਪਣੀ ਜ਼ਿੰਦਗੀ ਵਿਚ ਵਧੀਆ ਦੋਵੇਂ ਖੁਸ਼ ਸਾਂ,ਕੀ ਹੋਇਆ ਇੱਕ ਦਿਨ ਮੈਨੂੰ ਮੇਰੀ ਪਰਸਨਲ ਮੇਲ਼ ਤੋਂ ਮੇਲ ਆਈ, ਇੱਕ ਵਨ ਪਰਸਨ

ਸਬਜੈਕਟ ਨਾਲ਼, ਮੈਂ ਉਸਨੂੰ ਖੋਲ੍ਹਿਆ ਤਾਂ ਉਸ ਵਿਚ ਕਾਫ਼ੀ ਲੰਮਾ ਇੱਕ ਖ਼ਤ ਟਾਇਪ ਕੀਤਾ ਹੋਇਆ ਸੀ।

ਵਨ ਪਰਸਨ

ਇਹੀ ਜਾਣਨਾ ਚਾਹੁੰਦਾ ਸੀ ਤੂੰ ਹਨਾਂ, ਕਿ ਕੌਣ ਹੈ ਇਹ ਵਨ ਪਰਸਨ,ਉਹ ਕੁੜੀ ਜੋ ਤੇਰੇ ਕੋਲ਼ ਆਈ ਉਹ ਕੋਣ ਸੀ। ਹੁਣ ਕਿੱਥੇ ਹੈ, ਜਾਂ ਮੈਂ ਤੇਰਾ ਕੀ ਲੱਗਦਾ ਹਾਂ...???

ਮੈਂ ਇੱਕ ਆਮ ਜਿਹਾ ਇਨਸਾਨ ਸੀ ਬਿਲਕੁਲ ਤੇਰੇ ਵਰਗਾ, ਇੱਕ ਵਧੀਆ ਨੌਕਰੀ ਸੀ ਮੇਰੀ ਕੋਲ਼, ਵਧੀਆ ਪਰਿਵਾਰ ਸੀ।ਪਰ ਫ਼ੇਰ ਕੀ ਹੋਇਆ ਇੱਕ ਕੁੜੀ ਆਈ ਜਿਸਦਾ ਨਾਮ ਸੀ। ਨੈਨਸੀ... ਹਾਂ ਉਹੀ ਨੈਨਸੀ ਜਿਸ ਬਾਰੇ ਤੂੰ ਕਿਤਾਬ ਵਿਚ ਪੜ੍ਹਿਆ, ਮੈਂ ਹੀ ਲਿਖੀ ਸੀ ਉਹ ਕਿਤਾਬ,ਪਤਾ ਤੇ ਲੱਗ ਗਿਆ ਹੋਣਾਂ ਮੈਂ ਕੌਣ ਹਾਂ

.... ਉਸਨੇ ਮੇਰੀ ਸਾਰੀ ਜ਼ਿੰਦਗੀ ਖ਼ਰਾਬ ਕਰ ਦਿੱਤੀ, ਮੈਂ ਇਸ ਲਈ ਨੈਨਸੀ ਨਾਲ ਗੱਲ ਕੀਤੀ ਕਿ ਉਹ ਮੈਨੂੰ ਭਾਟਿਆ ਬਾਰੇ ਦੱਸੇਗੀ,ਪਰ ਉਸਨੇ ਇਹ ਦੱਸ ਮੇਰੇ ਅੰਦਰ ਦੀ ਅੱਗ ਨੂੰ ਹੋਰ ਜ਼ਿਆਦਾ ਭੜਕਾ ਦਿੱਤਾ ਕਿ ਉਹ ਔਰਤ ਉਹ ਖ਼ੁਦ ਹੀ ਹੈ।

ਹੁਣ ਤੂੰ ਸੋਚੇਗਾ ਕਿ ਐਲੀਸਾ ਦਾ ਕੀ ਗਲ਼ਤੀ ਸੀ।ਐਲੀਸਾ ਦੀ ਇਹ ਗ਼ਲਤੀ ਸੀ ਕਿ ਮੈਂ ਇਸਨੂੰ ਆਪਣੇ ਤੋਂ ਵੱਧ ਪਿਆਰ ਕੀਤਾ, ਮੈਂ ਆਪਣੀ ਮਾਂ ਨੂੰ ਦੱਸ ਚੁੱਕਿਆ ਸੀ ਇਸਦੇ ਬਾਰੇ,ਪਰ ਇਹ ਸੀ ਕਿ ਹਰ ਵਕਤ

ਤੇਰੇ ਬਾਰੇ ਹੀ ਸੋਚਦੀ ਰਹਿੰਦੀ ਸੀ।ਇਹ ਸੋਸ਼ਲ ਮੀਡੀਆ ਨਾਮ ਤੋਂ ਨਫ਼ਰਤ ਹੋ ਚੁੱਕੀ ਹੈ ਮੈਨੂੰ,ਇਸਨੇ ਕਦੇ ਮੈਨੂੰ ਨਹੀਂ ਸਮਝਿਆ, ਮੈਂ ਹਮੇਸ਼ਾ ਇਸਦੀ ਇੱਕ ਝਲਕ ਲਈ ਤਰਸਦਾ ਰਿਹਾਂ ਹਾਂ, ਮੇਰਾ ਜੀ ਕਰਦਾ ਸੀ। ਮੈਂ ਤੁਹਾਨੂੰ ਦੋਵਾਂ ਨੂੰ ਮਾਰ ਦੇਵਾਂ, ਪਰ ਮੈਂ ਫ਼ੇਰ ਅਜਿਹਾ ਨਹੀਂ ਕੀਤਾ, ਸਗੋਂ ਐਲੀਸਾ ਨੂੰ ਇੱਕ ਜ਼ਿੰਦਗੀ ਦਿੱਤੀ,ਜੋ ਮੌਤ ਤੋਂ ਵੀ ਖ਼ਤਰਨਾਕ ਸੀ।ਪਰ ਤੂੰ ਉਸ ਨੂੰ ਬਚਾ ਲਿਆ,,,, ਤੂੰ ਉਸਨੂੰ ਆਪਣਾ ਲਿਆ,ਜੋ ਦੁਨੀਆਂ ਦਾ ਕੋਈ ਮਰਦ ਨਹੀਂ ਕਰ ਸਕਦਾ।

ਇਹ ਮੇਲ਼ ਮੈਂ ਤੈਨੂੰ ਇਸ ਲਈ ਕਰ ਰਿਹਾ ਹਾਂ, ਕਿਉਂਕਿ ਮੈਨੂੰ ਆਪਣੀ ਗਲਤੀ ਦਾ ਅਹਿਸਾਸ ਹੋ ਚੁੱਕਾ ਹੈ।ਹੋ ਸਕਿਆ ਤਾਂ ਮੈਨੂੰ ਮੁਆਫ਼ ਕਰਨਾ, ਮੈਂ ਇਸ ਦੁਨੀਆਂ ਨੂੰ ਇੱਕ ਹੀ ਸੁਨੇਹਾ ਦੇਣਾਂ ਚਾਹਾਂਗਾ ਕਿ ਸੋਸ਼ਲ ਮੀਡੀਆ ਉੱਪਰ ਦਿਖਣ ਵਾਲ਼ਾ ਚੇਹਰਾ ਪਤਾ ਨਹੀਂ ਕਿੰਨਿਆਂ ਦੀ ਜ਼ਿੰਦਗੀ ਤਬਾਹ ਕਰ ਚੁੱਕਾ ਹੁੰਦਾ ਹੈ। ਅਤੇ ਕਿੰਨਿਆਂ ਦੀ ਕਰਨ ਜਾ ਰਿਹਾ ਹੁੰਦਾ, ਅੱਜ ਦੇ ਵਕ਼ਤ ਵਿਚ ਸੋਸ਼ਲ ਮੀਡੀਆ ਉੱਪਰ ਪਤਾ ਨਹੀਂ ਕਿੰਨੇ ਰਿਸ਼ਤੇ ਬਣਦੇ ਨੇ ਤੇ ਕਿੰਨੇ ਘਰ ਬਰਬਾਦ ਹੋ ਜਾਂਦੇ ਨੇ,

ਕੁਝ ਨੰਗੇ ਸੱਚ

ਗੁਆਂਢੀ ਨੇ ਦੱਸਿਆ
ਨਾਲ਼ ਘਰ ਵਾਲ਼ੀ ਬਹੂ ਨੇ ਲਿਆ
ਫਾਹਾ

ਕਿਉਂਕਿ ਉਸਦੀ ਚੈਟ

ਉਸਦੇ ਪਤੀ ਵੱਲੋਂ

ਫੜ ਲਈ ਗਈ।

.............

ਲਵ ਮੈਰਿਜ ਹੋਣ ਤੋਂ ਬਾਅਦ,

ਇੱਕ ਮਹੀਨੇ ਬਾਅਦ ਹੀ ਹੋਇਆ

ਤਲਾਕ..!!!

ਦੱਸਿਆ ਜਾ ਰਿਹਾ ਹੈ।

ਕਿਸੇ ਹੋਰ ਨਾਲ਼

ਫ਼ੋਨ ਤੇ ਗੱਲ ਕਰਨ ਦੀ

ਮਿਲ਼ੀ ਰਿਕਾਡਿੰਗ...

............

ਇੱਕ ਮੁੰਡੇ ਨੇ

ਮਾਰੀ ਨਹਿਰ ਵਿਚ ਛਾਲ਼,

ਪਤਾ ਲੱਗਾ ਕਿ

ਉਸਦੀ ਘਰਵਾਲੀ ਦੀ

ਫੇਸਬੁੱਕ ਉੱਪਰ ਇੱਕ

ਅਸ਼ਲੀਲ ਵੀਡੀਓ ਹੋਈ ਵਾਇਰਲ...

..........

ਕੱਲਯੁਗ ਨੇ ਟੱਪੀ ਹੱਦ

ਵੱਡੀ ਖ਼ਬਰ

ਇੱਕ ਕੁੜੀ ਨੇ

ਕਰੀਂ ਆਤਮ-ਹੱਤਿਆ।

ਦੱਸਿਆ ਹੈ ਰਿਹਾ ਹੈ

ਕਰ ਰਿਹਾ ਸੀ ਉਸਨੂੰ

ਕੋਈ, ਲੰਮੇ ਸਮੇਂ ਤੋਂ ਬਲੈਕਮੇਲ

ਸੀ ਉਸਦੀ ਮੌਤ ਤੋਂ

ਬਾਅਦ ਪਤਾ, ਲੱਗਾ।

ਸੀ ਸਕਾ ਭਰਾ

..........

ਇੱਕ ਬਾਪ ਨੇ

ਕੀਤਾ ਆਪਣੀ ਧੀ ਦਾ ਬਲਾਤਕਾਰ

........

ਭੈਣ ਨੇ ਭਾਈ ਨਾਲ਼

ਲਾਵਾਂ ਲੈ ਕੇ

ਭਰੀ ਬਾਹਰਲੇ ਮੁਲਖ ਨੂੰ

ਉਡਾਨ

.........

ਸੋਚੋ ਜੇਕਰ ਐਦਾਂ ਹੀ ਤੁਹਾਡੇ ਸਾਰਿਆਂ ਦੇ ਪਰਦੇ ਫਾਸ਼ ਹੋ ਜਾਣ ਤਾਂ ਤੁਹਾਡੀ ਕੀ ਹਾਲਤ ਹੋਵੇਗੀ,ਤੁਹਾਡੀ ਕੀ ਇੱਜ਼ਤ ਰਹਿ ਜਾਵੇਗੀ,ਅੱਧ ਤੋਂ ਵੱਧ ਕੁੜੀਆਂ ਇਸ ਕਰਕੇ ਡਿਪਰੈਸ਼ਨ ਵਿਚ ਚੱਲੀਆਂ ਜਾਂਦੀਆਂ ਨੇ ਕਿ ਉਹਨਾਂ ਦਾ ਬੀ ਐਫ ( BF ) ਜਲਦੀ ਰਿਪਲਾਈ ਨਹੀਂ ਕਰਦਾ, ਅੱਧ ਤੋਂ ਵੱਧ ਮੁੰਡੇ ਇਸ ਗੱਲ ਕਰਕੇ ਨਸ਼ੇ ਕਰਨ ਲੱਗ ਜਾਂਦੇ ਨੇ ਕਿ ਉਹਨਾਂ ਦੀ ਜੀ ਐੱਫ ( GF ) ਕਿਸੇ ਹੋਰ ਨੂੰ ਪਿਆਰ ਕਰਨ ਲੱਗ ਗਈ। ਦੋਵੇਂ ਸਿਰਫ਼ ਇੱਕ ਦੂਸਰੇ ਨੂੰ ਆਨਲਾਈਨ ਜਾਣਦੇ ਹਨ। ਕਈ ਕੁੜੀਆਂ ਸਿਰਫ਼ ਇਸ ਲਈ ਰਾਤ ਨੂੰ ਰੋ ਕੇ ਸੌਂਦੀਆਂ ਨੇ ਕਿ ਅੱਜ ਉਹਨਾਂ ਦੇ ਬੀ ਐੱਫ ਨੇ ਉਹਨਾਂ ਨਾਲ਼ ਚੱਜ ਨਾਲ਼ ਗੱਲ ਨਹੀਂ ਕਰੀ,

ਏਦਾਂ ਦੇ ਹੋਰ ਪਤਾ ਨੀ ਕੀ ਕੀ ਲੋਕਾਂ ਦੇ ਚੋਜ ਬਣ ਚੁੱਕੇ ਨੇ, ਜਿਹਨਾਂ ਨੂੰ ਅੱਜ ਦੇ ਮਹਾਨ ਕਾਮ ਦੇਵਤਾ ਪਿਆਰ ਤੇ ਮੁਹੱਬਤ ਦੇ ਫਰਜ਼ ਦੱਸਦੇ ਨੇ।

ਸ਼ਾਮ ਤੀਕ ਅੱਧ ਤੋਂ ਵੱਧ ਲੋਕਾਂ ਦੇ ਸਟੇਟਸ ਹੁੰਦੇ ਨੇ , ਮੈਂ ਅੱਜ ਤੋਂ ਬਾਅਦ ਇੰਸਟਾਗ੍ਰਾਮ ਬੰਦ ਕਰ ਰਿਹਾਂ ਹਾਂ, ਮੈਂ ਅੱਜ ਤੋਂ ਬਾਅਦ ਵਾਟਸ ਐਪ ਬੰਦ ਕਰ ਹਾਂ, ਮੈਂ ਫੇਸਬੁੱਕ... ਯਰ ਕਰੀ ਜਾਓ, ਕਿਸੇ ਨੂੰ ਕੋਈ ਫ਼ਰਕ ਨਹੀਂ ਪੈਂਦਾ, ਤੁਹਾਡੇ ਇਹਨਾਂ ਲੱਛਣਾਂ ਨੂੰ ਵੇਖ ਕੇ ਲੱਗਦਾ ਹੈ ਕਿ ਪੰਜਾਬ ਬਸ ਇਹ ਸੋਸ਼ਲ ਮੀਡੀਆ ਜੋਗਾ ਹੀ ਰਹਿ ਗਿਆ, ਭਾਈ ਨੂੰ ਭਾਈ ਇਸ ਕਰਕੇ ਨਹੀਂ ਬੁਲਾਉਂਦਾ ਕਿ ਤੂੰ ਮੈਨੂੰ ਫੌਲੋ ਨਹੀਂ ਕਰਦਾ,ਦੋ ਦਿਨ ਤੋਂ ਭੈਣ ਨੇ ਰੋਟੀ ਨਹੀਂ ਖਾਈ,ਕਿ ਮੇਰੀ ਪੋਸਟ ਸ਼ੇਅਰ ਨਹੀਂ ਕੀਤੀ, ਨਵੀਂ ਭਾਬੀ ਇਸ ਕਰਕੇ ਰੁੱਸ ਕੇ ਪੇਕੇ ਚੱਲੀ ਗਈ ਕਿ ਸੱਸ ਨੇ ਵੀਡਿਓ

ਤੋਂ ਪਹਿਲਾਂ ਰੋਟੀ ਬਣਾਉਣ ਨੂੰ ਕਹਿ ਦਿੱਤਾ। ਤੁਸੀਂ ਕਮਾਲ ਹੀ ਕਰ ਰੱਖੀ ਹੈ।

ਭੈਣੋਂ ਤੇ ਭਰਾਵੋ ਆਪਾਂ ਨੂੰ ਖ਼ੁਦ ਸਮਝਣਾ ਚਾਹੀਦਾ ਹੈ ਕਿ ਆਪਾਂ ਅੱਜ ਕਿੱਥੇ ਹਾਂ, ਤੁਸੀਂ ਖ਼ੁਦ ਦੱਸੋ ਕੀ ਤੁਸੀਂ ਉਸਨਾਲ ਆਪਣੀ ਭੈਣ ਦਾ ਰਿਸ਼ਤਾ ਕਰੋਗੇ,ਜੋ ਉਸਨੂੰ ਫੇਸਬੁੱਕ ਤੇ ਮਿਲਿਆ ਹੈ ਸਿਰਫ਼,ਭਰਾਵੋ ਫ਼ੇਰ ਕਿਉਂ ਕਿਸੇ ਦੀ ਇੱਜ਼ਤ ਮਿੱਟੀ ਵਿਚ ਰੋਲੀ ਆ, ਉਹ ਵੀ ਤੇ ਕਿਸੇ ਦੀ ਭੈਣ ਹੈ, ਜਿਸ ਨੂੰ ਆਪਾਂ ਕਹਿ ਰਹੇ ਹਾਂ, ਨਾਲ਼ੇ ਕਿੰਨਾਂ ਕੁ ਤੁਸੀਂ ਜਾਣ ਲੈਂਦੇ ਹੋ ਆਨਲਾਈਨ...ਇਹ ਨਹੀਂ ਸਮਝ ਆਉਂਦੀ...

ਇੱਕ ਮਸ਼ਹੂਰ ਮੈਸਜ਼ ਕੁੜੀ ਮੁੰਡੇ ਨੂੰ,ਮੁੰਡਾ ਕੁੜੀ ਨੂੰ
ਮੁੰਡਾ : ਤੂੰ ਪਹਿਲੀ ਹੈ, ਜਿਸਨੂੰ ਮੈਂ ਮੈਸਜ਼ ਕੀਤਾ ਹੈ, ਨਹੀਂ ਤਾਂ ਮੈਂ ਕਦੇ ਵੀ ਨਹੀਂ ਕੀਤਾ ਕਿਸੇ ਨੂੰ... ਕੁੜੀ ਅੱਗਿਓਂ ਸੱਚੀ ਕਿ ਮੈਂ ਵੀ ਨਹੀਂ ਕੀਤਾ, ਮੈਂ ਤਾਂ ਰਿਪਲਾਈ ਵੀ ਨਹੀਂ ਪਤਾ
ਸਮਝਦਾਰ ਹੋ ਤੁਸੀਂ

ਮੁਕਦੀ ਗੱਲ ਹੈ , ਸੋਸ਼ਲ ਮੀਡੀਆ ਫ਼ਨ ਲਈ ਹੈ, ਇਸਨੂੰ ਫ਼ਨ ਲਈ ਹੀ ਵਰਤੋਂ

ਖ਼ੁਸ਼ ਰਹੋ
ਆਬਾਦ ਰਹੋ

ਇਹ ਵਨ ਪਰਸਨ ਹੁਣ ਸਾਰਿਆਂ ਬਾਰੇ ਜਾਣਦਾ ਹੈ, ਇਸ ਤੋਂ ਬਾਅਦ ਅਗਲੀ ਵਾਰੀ ਤੁਹਾਡੀ ਹੈ। ਸਾਰਿਆਂ ਪ੍ਰਾਈਵੇਸੀਆਂ ਟੁੱਟ ਜਾਣਗੀਆਂ, ਤੁਹਾਡਾ ਕੀਤਾ ਇੱਕ ਇੱਕ ਮੈਸਜ਼ ਨਿਲਾਮ ਹੋਵੇਗੀ, ਤੁਹਾਡੀ ਉਮਰਾਂ ਦੀ ਕਮਾਈ,ਬਸ ਇੱਕ ਵਪ ਪਰਸਨ ਲੈ ਜਾਵੇਗਾ, ਇਸ ਨੂੰ ਪੜ੍ਹ ਕੇ ਇਹ ਨਾ ਸਮਝਣਾ ਇਹ ਸਿਰਫ਼,ਇੱਕ ਨਾਵਲ ਜਾਂ ਕਹਾਣੀ ਹੈ,ਇਹ ਇੱਕ ਸੂਚਨਾ ਹੈ, ਜਿਸ ਦੇ ਜਾਲ ਵਿਚ ਆਪਾਂ ਸਾਰੇ ਬਹੁਤ ਜਲਦ ਫ਼ਸਣ ਵਾਲੇ ਹਾਂ।

***



# 10

ਮੇਰੀ ਅੱਖ ਖੁੱਲ੍ਹਦੀ ਹੈ ਤਾਂ ਮੈਂ ਵੇਖਦਾ ਹਾਂ ਕਿ ਇਹ ਤਾਂ ਸਭ ਸੁਪਨਾ ਸੀ, ਮੈਂ ਜਲਦੀ ਜਲਦੀ ਆਪਣਾ ਲੈਪਟਾਪ ਖੋਲਦਾ ਹਾਂ ਤੇ ਮੇਲ ਚੈੱਕ ਕਰਦਾ ਹਾਂ, ਮੈਨੂੰ ਕੋਈ ਵੀ ਮੇਲ਼ ਨਹੀਂ ਆਈ ਹੈ। ਮੈਨੂੰ ਨਹੀਂ ਪਤਾ ਮੈਂ ਉਸ ਕਿਤਾਬ ਦੇ ਪਾਤਰ ਹੈਵਨ ਤੇ ਨੈਨਸੀ ਨੂੰ ਐਦਾਂ ਕਿਉਂ ਮਹਿਸੂਸ ਕਰ ਰਿਹਾ ਹਾਂ,ਉਹ ਇੱਕ ਪਲ਼ ਲਈ ਮੈਨੂੰ ਮੇਰੀ ਜਿੰਦਗੀ ਦਾ ਹਿੱਸਾ ਹੀ ਲੱਗੇ, ਮੈਂ ਸਾਹਮਣੇ ਪਈ ਕਿਤਾਬ ਨੂੰ ਗ਼ੌਰ ਨਾਲ਼ ਵੇਖਦਾ ਹਾਂ, ਮੇਰੇ ਅੰਦਰ ਇੱਕ ਅਲੱਗ ਜਿਹਾ ਡਰ ਹੈ। ਮੈਨੂੰ ਪਤਾ ਹੈ ਕਿ ਸਾਰੀਆਂ ਕਿਤਾਬਾਂ ਚੰਗੀਆਂ ਵੀ ਨਹੀਂ ਹੁੰਦੀਆਂ ਕੁਝ ਕੁ ਖ਼ਤਰਨਾਕ ਵੀ ਹੁੰਦੀਆਂ ਨੇ ਜਿਦਾਂ ਇਹ ਅਨਕੰਪਲੀਟ ਗਰਲ, ਮੈਨੂੰ ਇਹ ਵੀ ਨਹੀਂ ਪਤਾ ਇਹ ਕਿਤਾਬ ਮੇਰੇ ਕੋਲ਼ ਕਿੱਥੋਂ ਆਈ, ਮੈਂ ਦਿਮਾਗ਼ ਤੇ ਜ਼ੋਰ ਦਿੱਤਾ ਤਾਂ ਮੈਨੂੰ ਯਾਦ ਆਇਆ ਕਿ ਕਿਤਾਬ ਮੈਨੂੰ ਮੇਰੇ ਇੱਕ ਦੋਸਤ ਨੇ ਭੇਜੀ ਸੀ।ਉਸਦੀ ਮਾਸ਼ੂਕਾ ਦੁਆਰਾ ਲਿਖੀ ਇਹ ਪਹਿਲੀ ਕਿਤਾਬ ਸੀ। ਉਸਨੇ ਮੈਨੂੰ ਇਹ ਵੀ ਕਿਹਾ ਸੀ ਕਿ ਮੈਂ ਇਸਦਾ ਰਿਵਿਊ ਉਸਨੂੰ ਲਿਖ ਕੇ ਦੇਵਾਂ, ਕਿਉਂਕਿ ਇਸ ਨਾਲ਼ ਉਸਦੀ ਮਸ਼ੂਕਾ ਨੂੰ ਖੁਸ਼ੀ ਮਿਲ਼ਦੀ ਹੈ।

ਦਰਅਸਲ ਵਿਚ ਸਭ ਸਹੀ ਹੈ। ਮੈਂ ਜਦੋਂ ਜ਼ਿਆਦਾ ਨਸ਼ੇ ਦੀ ਵਰਤੋਂ ਕਰਨ ਲੱਗਦਾ ਹਾਂ ਮੇਰੇ ਨਾਲ਼ ਏਦਾਂ ਹੁੰਦਾ ਹੈ।ਇਹ ਕੋਈ ਪਹਿਲੀ ਵਾਰੀ ਦੀ ਘਟਨਾ ਨਹੀਂ ਹੈ। ਮੈਂ ਆਪਣੇ ਲੈਪਟਾਪ ਨੂੰ ਲੱਗਿਆ ਪਾਸਵਰਡ ਤੱਕ ਭੁੱਲ ਜਾਂਦਾ ਹਾਂ,ਮੇਰਾ ਹਲ਼ਕਾ ਹਲ਼ਕਾ ਸਿਰ ਦਰਦ ਕਰ ਰਿਹਾ ਹੈ। ਮੈਂ

ਅੱਜ ਕੌਫ਼ੀ ਦੀ ਜਗਾਹ ਚਾਹ ਪੀਣੀ ਪਸੰਦ ਕਰਾਂਗਾ,ਅੱਜ ਦਿਲ ਕਰ ਰਿਹਾ ਹੈ ਕਿ ਨਿਰਨੇ ਕਾਲਜੇ ਇੱਕ ਸਿਗਰਟ ਦਾ ਅਨੰਦ ਲਿਆ ਜਾਵੇ, ਮੌਸਮ ਤਰੋਤਾਜ਼ਾ ਹੈ, ਸੁਹਾਵਣੀ ਜਿਹੀ ਹਵਾ ਚੱਲ ਰਹੀ ਹੈ। ਮੈਂ ਚਾਹ ਬਣਨੀ ਧਰਕੇ ,ਗੈਸ ਬਿਲਕੁਲ ਸਲਿੱਮ ਕਰ ਦਿੱਤਾ ਤੇ ਆਪ ਬਾਲਕੋਨੀ ਵਿਚ ਜਾਂ ਨਿੱਖਰੇ ਅੰਬਰ ਨੂੰ ਤੀਜੀ ਅੱਖ ਨਾਲ਼ ਵੇਖਣ ਲੱਗਾ,ਮੇਰਾ ਦਿਲ ਕਹਿ ਰਿਹਾ ਹੈ ਮੈਂ ਇੱਕ ਕਵਿਤਾ ਲਿਖਾਂ ' ਜਿਸ ਨੂੰ ਇੱਕ ਲੈ ( ਤਾਲ ) ਦੇ ਵਿਚ ਪਰੋਵਾਂ,ਪਰ ਇਹ ਮੈਨੂੰ ਲਿਖਣਾ ਨਹੀਂ ਆਉਂਦਾ, ਪਰ ਮੈਂ ਕੋਸ਼ਿਸ਼ ਕਰਾਂਗਾ।

ਮੈਂ ਜੇਬ ਵਿੱਚੋਂ ਫ਼ੋਨ ਕੱਢ ਲਿਖਣਾ ਸ਼ੁਰੂ ਕੀਤਾ....

ਜਿਉਂ ਅੰਬਰ ਨਿੱਖਰਿਆ ਫਿਰਦਾ ਏ,
ਕੋਈ ਕਿੱਸਾ ਰਚਨਾ ਨਵਾਂ ਹੋਊ,

ਮੇਰੀ ਕਲ਼ਮ ਵਿੱਚੋਂ ਉੱਪਜੀ ਨਜ਼ਮ ਕੋਈ
ਕਦ ਬੁੱਕਲ ਤੇਰੀ ਵਿਚ ਜਾ ਸੋਊ,

ਤੱਕਦਾ ਰਹਿਣਾ ਹਾਲੇ ਵੀ ਮੈਂ,
ਕਦੇ ਰਾਹੇ ਵਿਚ ਹਵਾਵਾਂ ਦੇ...

ਅੱਖਾਂ ਬੰਦ ਕਰੇ ਤੋਂ ਪੈਣ ਭੁਲੇਖੇ,
ਨੀਂ ਮੈਨੂੰ ਪੈੜ ਤੇਰੀ ਦੀਆਂ ਰਾਹਵਾਂ ਦੇ

ਇਹਨਾਂ ਅੱਖਰਾਂ ਵਿਚ ਪਰੋ ਦੇਵਾਂ,
ਮੈਂ ਹਾਲੇ ਐਨੇ ਜੋਗਾ ਹੋਇਆ ਨੀਂ,

ਤੇਰਾ ਹੱਥ ਛੁੱਟ ਗਿਆ ਸੁਪਨੇ ਚ,
ਤੇ ਮੈਂ ਵਿੱਚ ਹਕੀਕਤ ਰੋਇਆ ਨੀਂ

ਤੇਰੇ ਨਾਲ਼ ਕੋਈ ਰਾਬਤਾ ਗੂੜ੍ਹਾ ਏ
ਹਰ ਚੀਜ਼ ਹੈ ਖਿੱਚੀ ਵੱਲ ਤੇਰੇ,

ਕਿੰਨੇਂ ਚਿਰ ਤੋਂ ਇਹ ਸੁੰਨਾ ਸੀ।
ਹੋ ਸਕਦਾ ਚੰਗੇ ਕਰਮ, ਖ਼ੈਰ ਮੇਰੇ...

ਐਲੀਸਾ ਨੂੰ ਪਰਸਨਲ ਮੈਸਜ਼ ਵਿਚ ਭੇਜਣ ਦਾ ਦਿਲ ਕਰ ਰਿਹਾ ਸੀ। ਯਾਦ ਆਇਆ ਮੈਂ ਤੇ ਵੇਖਣਾ ਹੀ ਭੁੱਲ ਗਿਆ , ਉਸਨੇ ਮੈਸਜ਼ ਕੀਤਾ ਜਾਂ ਨਹੀਂ, ਮੈਂ ਫ਼ੋਨ ਦਾ ਡਾਟਾ ਆਨ ਕੀਤਾ ਤਾਂ ਤਾੜ ਤਾੜ ਮੈਸਜ਼ ਡਿੱਗਣ ਲੱਗੇ,

ਮੈਂ ਇਹ ਵੇਖ ਕਿ ਬੜਾ ਹੈਰਾਨ ਹੋਇਆ ਕਿ ਮੇਰੀ ਪਿਛਲੀ ਦਿਨੀਂ ਕੀਤੀ ਪੋਸਟ ਵਾਇਰਲ ਹੋ ਚੁੱਕੀ ਸੀ।ਇਸ ਤੋਂ ਜ਼ਿਆਦਾ ਹੈਰਾਨੀ ਦੀ ਗੱਲ ਇਹ ਸੀ ਕਿ ਐਲੀਸਾ ਦਾ ਇੱਕ ਵੀ ਮੈਸਜ਼ ਨਹੀਂ ਆਇਆ ਸੀ ਤੇ ਉਸਦੀ ਪ੍ਰੋਫਾਈਲ ਪੂਰੀ ਹੋ ਚੁੱਕੀ ਸੀ। ਮਤਲਬ ਕਿ ਉਸਦਾ ਨਾਮ,

ਡੀਪੀ ,ਬੀਓ,ਪੋਸਟ ,ਫੋਲੋਵਰ ਤੇ ਫੌਲਿੰਗ ਸਾਰਾ ਕੁਝ ਅਪਲੋਡ ਕੀਤਾ ਜਾ ਚੁੱਕਾ ਸੀ। ਬੀਓ ਵਿਚ ਲਿਖੀ ਇੱਕ ਜਾਣਕਾਰੀ ਨੇ ਮੈਨੂੰ ਐਨਾ ਝਟਕਾ ਕੀ ਦੱਸਾਂ,ਕਿ ਉਹ ਇੱਕ ਲੇਖੀਕਾ ਹੈ ਅਤੇ ਉਸਦੀ ਪਹਿਲੀ ਕਿਤਾਬ ਅਨਕੰਪਲੀਟ ਗਰਲ ਹੈ।

ਮੈਂ ਜਲਦੀ ਜਲਦੀ ਅੰਦਰ ਗਿਆ ਗੈਸ ਆਫ ਕੀਤਾ ਤੇ ਸਟੱਡੀ ਟੇਬਲ ਤੇ ਪਈ ਕਿਤਾਬ ਦੇ ਪਹਿਲੇ ਪੰਨਿਆਂ ਨੂੰ ਧਿਆਨ ਨਾਲ਼ ਵੇਖਿਆ ਤਾਂ ਉਸ ਵਿਚ ਔਥਰ ਦਾ ਨਾਮ ਏਂਜ਼ਲ ਐਲੀਸਾ

ਮੈਂ ਕਿੰਨਾਂ ਚਿਰ ਸੋਚਦਾ ਰਿਹਾ ਪਰ ਇੱਕ ਹੈਰਾਨੀ ਦੀ ਗੱਲ ਇਹ ਵੀ ਸੀ।ਕਿ ਮੈਂ ਐਲੀਸਾ ਨੂੰ ਹਲੇ ਤੱਕ ਇਹ ਨਹੀਂ ਦੱਸਿਆ ਸੀ ਕਿ ਮੈਂ ਕੋਈ ਕਿਤਾਬ ਪੜ੍ਹ ਰਿਹਾ ਹਾਂ ਤੇ ਇਹ ਉਸਨੇ ਵੀ ਕਦੇ ਨਹੀਂ ਦੱਸਿਆ ਕਿ ਉਹ ਵੀ ਇੱਕ ਨਾਵਲਕਾਰ ਹੈ ਉਹ ਵੀ ਐਨੀ, ਮੈਨੂੰ ਕਿਤੇ ਨਾ ਕਿਤੇ ਲੱਗ ਰਿਹਾ ਸੀ ਕਿ ਇਹ ਨਾਵਲ ਕਲਪਨਿਕ ਨਹੀਂ ਹੈ ਇਸ ਨੂੰ ਸੱਚ ਦੇ ਆਧਾਰ ਤੇ ਲਿਖਿਆ ਗਿਆ ਹੈ। ਪਰ ਇਸ ਵਿਚ ਲਿਖੇ ਅਜੀਬੋਗਰੀਬ ਜਿਹੇ ਰਿਸ਼ਤਿਆਂ ਨੇ, ਮੈਨੂੰ ਹੋਰ ਜ਼ਿਆਦਾ ਉਲਝਾ ਦਿੱਤਾ, ਮੈਂ ਮੋੜੇ ਹੋਏ ਪੰਨੇ ਨੂੰ ਲੱਭਦਿਆਂ ਕਿਤਾਬ ਦਾ ਪੇਜ ਨੰਬਰ ਵੇਖਿਆ ਤਾਂ ਮੈਂ ਹਲੇ ਸੈਵਨਟੀ ਫਾਈਬ ( 75 ) ਪੇਜ ਨੰਬਰ ਤੀਕ ਹੀ ਪੜ੍ਹਿਆ ਹੈ ਇਹ ਇਸਦਾ ਅੱਧ ਹੈ। ਮੈਂ ਇੰਸਟਾਗ੍ਰਾਮ ਤੇ ਉਸ ਦੋਸਤ ਨੂੰ ਲੱਭਣ ਲੱਗਾ ਜਿਸਨੇ ਮੈਨੂੰ ਇਹ ਕਿਤਾਬ ਪਾਰਸਲ ਕੀਤੀ ਸੀ। ਕਿਉਂਕਿ ਮੇਰਾ ਉਸ ਨਾਲ਼ ਕੋਈ ਜ਼ਿਆਦਾ ਸੰਘਣਾ ਰਿਸ਼ਤਾ ਨਹੀਂ ਸੀ।ਬਸ ਹੈਲੋ ਹਾਏ ਤੀਕ ਹੀ ਸੀਮਤ ਸੀ ਉਸਨੂੰ ਮੇਰਾ ਫੇਕ ਦੁਨੀਆਂ ਨੂੰ ਹੋਰ ਫੇਕ ਬਣਾਉਣ ਵਾਲਾ

ਕੰਮ ਬੜਾ ਸੁਆਦੀ ਲੱਗਦਾ ਸੀ।ਉਹ ਦਿਨ ਰਾਤ ਮੇਰੇ ਮਗ਼ਰ ਪਿਆ ਰਹਿੰਦਾ ਸੀ ਕਿ ਮੈਂ ਉਸਨੂੰ ਇਹ ਸਾਰਾ ਕੰਮ ਸਿਖਾਵਾਂ ਕਿ ਅਤੇ ਉਸਨੂੰ ਇਸ ਕੰਮ ਵਿੱਚ ਆਪਾਣ ਪਾਰਟਨਰ ਬਣਾਵਾਂ, ਪਰ ਮੇਰੀ ਇਸ ਪ੍ਰਤੀ ਅਲੱਗ ਸਲਾਹ ਹੈ। ਮੈਨੂੰ ਕਿਸੇ ਨਾਲ਼ ਕੰਮ ਕਰਨਾ ਪਸੰਦ ਨਹੀਂ ਹੈ ਖ਼ਾਸ ਕਰਕੇ ਉਸ ਇਨਸਾਨ ਨਾਲ਼ ਜਿਸਤੋਂ ਮੈਨੂੰ ਅਲੈਰਜੀ ਹੋਵੇ।

ਮੇਰੀ ਮੈਸਜ਼ ਲਿਸਟ ਲੰਮੀ ਹੋਣ ਕਰਕੇ ਇੱਕ ਘੰਟੇ ਦਾ ਸਮਾਂ ਇਹ ਕਹਿ ਲਵੋ, ਮੈਂ ਫਾਲਤੂ ਵੇਸਟ ਕਰ ਦਿੱਤਾ,ਉਹੀ ਡਿਫਰੈਂਟ ਰਿੰਗ ਵੱਜੀ। ਐਲੀਸਾ ਦਾ ਮੈਸਜ਼ ਸੀ, ਮੈਨੂੰ ਜਲਦੀ ਕਾਲ ਕਰੋ, ਮੈਂ ਤੁਰੰਤ ਕਾਲ ਲਗਾਈ।

ਫ਼ੋਨ ਚੁੱਕਿਆ ਗਿਆ

ਐਲੀਸਾ : ਬੀ ਐੱਮ ਐੱਸ ਪਤਾ ਨਹੀਂ ਕੀ ਹੋਇਆ ਕਿ ਅਚਾਨਕ ਮੇਰੀ ਸੱਜੀ ਅੱਖ ਵਿੱਚੋਂ ਖ਼ੂਨ ਨਿਕਲਣ ਲੱਗਾ


ਮੈਂ : ਫ਼ੇਰ

ਮੈਂ : ਹੈਲੋ, ਹੈਲੋ,

ਅੱਗੇ ਫ਼ੋਨ ਕੱਟ ਕਰ ਦਿੱਤਾ ਗਿਆ, ਮੈਂ ਕਿੰਨੀਂ ਹੀ ਵਾਰ ਦੁਬਾਰਾ ਫੋਨ ਲਾਇਆ ,ਪਰ ਕਿਸੇ ਨੇ ਫੋਨ ਨਾ ਚੁੱਕਿਆ, ਮੈਂ ਆਪਣੇ ਵੱਲੋਂ ਲੁਕੇਸ਼ਨ ਲੱਭਣ ਦੀ ਕੋਸ਼ਿਸ਼ ਕੀਤੀ ,ਪਰ ਅਫਸੋਸ ਮੈਨੂੰ ਕੁਝ ਵੀ ਪੱਲੇ ਨਾ ਪਿਆ।

ਐਲੀਸਾ ਦੇ ਫ਼ੋਨ ਕੱਟਣ ਤੋਂ ਪਹਿਲਾਂ ਕੋਈ ਪਿੱਛੇ ਬੋਲ ਰਿਹਾ ਸੀ।

ਵਨ ਪਰਸਨ...ਵਨ ਪਰਸਨ...ਵਨ ਪਰਸਨ



**To be continue....**

Written by Sukhdeep singh Raipur

Contact : 8699633924